Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 116 Monday, June 17, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN REALTY, BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# 2020 ਤੱਕ ਯੂਨੀਵਰਸਲ ਫਾਰਮਾਕੇਅਰ ਲਿਆਉਣ ਦਾ ਐਨਡੀਪੀ ਦਾ ਵਾਅਦਾ ਯਥਾਰਥਵਾਦੀ ਨਹੀਂ : ਸਿਹਤ ਮੰਤਰੀ

ਓਟਵਾ, 16 ਜੂਨ (ਪੋਸਟ ਬਿਊਰੋ) : ਸਿਹਤ ਮੰਤਰੀ ਜਿਨੈੱਟ ਪੈਟਿਪਸ ਟੇਲਰ ਅਨੁਸਾਰ ਫੈਡਰਲ ਐਨਡੀਪੀ ਵੱਲੋਂ 2020 ਤੱਕ ਨੈਸ਼ਨਲ ਯੂਨੀਵਰਸਲ ਫਾਰਮਾਕੇਅਰ ਯੋਜਨਾ ਲਿਆਉਣ ਦਾ ਕੀਤਾ ਜਾ ਰਿਹਾ ਵਾਅਦਾ ਯਥਾਰਥਵਾਦੀ ਨਹੀਂ ਹੈ। ਪਰ ਟੇਲਰ ਇਹ ਨਹੀਂ ਦੱਸ ਸਕੀ ਕਿ ਲਿਬਰਲ ਇਸ ਪ੍ਰੋਗਰਾਮ ਨੂੰ ਕਦੋਂ ਤੱਕ ਸ਼ੁਰੂ ਕਰਨ ਬਾਰੇ ਸੋਚ ਰਹੇ ਹਨ।



ਬੁੱਧਵਾਰ ਨੂੰ ਨੈਸ਼ਨਲ ਫਾਰਮਾਕੇਅਰ ਪਲੈਨ ਦਾ ਅਧਿਐਨ ਕਰ ਰਹੇ ਪੈਨਲ ਵੱਲੋਂ ਇਸ ਸਬੰਧੀ ਫਾਈਨਲ ਰਿਪੋਰਟ ਜਾਰੀ ਕੀਤੀ ਗਈ। ਇਸ ਵਿੱਚ ਆਖਿਆ ਗਿਆ ਕਿ ਇਸ ਸਮੇਂ ਨੁਸਖਿਆਂ ਉੱਤੇ ਆਧਾਰਿਤ ਡਰੱਗ ਯੋਜਨਾਂ ਨੂੰ ਨੈਸ਼ਨਲ ਸਿਸਟਮ ਬਣਾਉਣ ਲਈ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਫੈਡਰਲ ਸਰਕਾਰ ਨਾਲ ਰਲ ਕੇ ਕੰਮ ਕਰਨਾ ਹੋਵੇਗਾ।

ਰਿਪੋਰਟ ਵਿੱਚ ਆਖਿਆ ਗਿਆ ਕਿ ਨੁਸਖਿਆ ਵਾਲੀ ਦਵਾਈ ਦੀ ਲਾਗਤ ਪੂਰੀ ਕਰਨ ਨਾਲ ਹਰ ਪਰਿਵਾਰ ਨੂੰ ਸਾਲਾਨਾ 350 ਡਾਲਰ ਦੀ ਬਚਤ ਹੋਵੇਗੀ। ਹਾਲਾਂਕਿ 2027 ਤੱਕ ਇਸ ਪ੍ਰੋਗਰਾਮ ਨੂੰ ਚਲਾਉਣ ਦੀ ਲਾਗਤ 15 ਬਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ।

ਲਿਬਰਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਸ ਰਿਪੋਰਟ ਨੂੰ ਸਵੀਕਾਰ ਕਰ ਲਿਆ ਗਿਆ ਹੈ ਤੇ ਉਹ ਅਜਿਹੇ ਯੂਨੀਵਰਸਲ ਫਾਰਮਾਕੇਅਰ ਸਿਸਟਮ ਉੱਤੇ ਕੰਮ ਕਰਨਗੇ ਜਿਸ ਤੱਕ ਸਾਰੇ ਕੈਨੇਡੀਅਨਾਂ ਦੀ ਪਹੁੰਚ ਹੋਵੇਗੀ। ਹਾਲਾਂਕਿ ਐਨਡੀਪੀ ਵੱਲੋਂ ਇਸ ਤਰ੍ਹਾਂ ਦੀ ਯੋਜਨਾ ਤੁਰੰਤ ਲਾਗੂ ਕਰਨ ਦਾ ਭਰੋਸਾ ਦਿੱਤਾ ਜਾ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਇਹ ਵਾਅਦਾ ਕੀਤਾ ਗਿਆ ਹੈ ਕਿ ਜੇ ਉਨ੍ਹਾਂ ਦੀ ਪਾਰਟੀ, ਜੋ ਕਿ ਇਸ ਸਮੇਂ ਤੀਜੇ ਸਥਾਨ ਉੱਤੇ ਚੱਲ ਰਹੀ ਹੈ, 2019 ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਤਾਂ ਉਹ 2020 ਤੱਕ ਯੂਨੀਵਰਸਲ ਨੈਸ਼ਨਲ ਫਾਰਮਾਕੇਅਰ ਪਲੈਨ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਦਾ ਤਾਂ ਇਹ ਵੀ ਆਖਣਾ ਹੈ ਕਿ ਇਸ ਸਬੰਧ ਵਿੱਚ ਖਰਚ ਕੀਤੇ ਜਾਣ ਵਾਲੇ ਕਈ ਬਿਲੀਅਨ ਡਾਲਰ ਕਾਰਗਰ ਹੀ ਸਿੱਧ ਹੋਣਗੇ।

ਇਸ ਹਫਤੇ ਇੱਕ ਬਿਆਨ ਵਿੱਚ ਐਨਡੀਪੀ ਹੈਲਥ ਕ੍ਰਿਟਿਕ ਡੌਨ ਡੇਵੀਜ਼ ਨੇ ਆਖਿਆ ਕਿ ਸਾਨੂੰ ਇਹ ਯੋਜਨਾ ਹੁਣ ਲਾਗੂ ਕੀਤੇ ਜਾਣ ਦੀ ਲੋੜ ਹੈ। ਇਸ ਸਬੰਧ ਵਿੱਚ ਕੈਨੇਡੀਅਨਾਂ ਨੇ ਕਈ ਦਹਾਕਿਆਂ ਤੱਕ ਉਡੀਕ ਕੀਤੀ ਹੈ। ਲੋਕ ਬਿਮਾਰ ਪੈ ਰਹੇ ਹਨ ਤੇ ਇੱਥੋਂ ਤੱਕ ਕਿ ਮਰ ਰਹੇ ਹਨ ਕਿਉਂਕਿ ਉਨ੍ਹਾਂ ਕੋਲ ਦਵਾਈਆਂ ਤੱਕ ਪਹੁੰਚ ਹੀ ਨਹੀਂ ਹੈ।

# ਟਰਾਂਸ ਮਾਊਨਟੇਨ ਪਾਈਪਲਾਈਨ ਦੀ ਹੋਣੀ ਬਾਰੇ ਕੈਬਨਿਟ ਭਲਕੇ ਕਰੇਗੀ ਫੈਸਲਾ

ਓਟਵਾ, 16 ਜੂਨ (ਪੋਸਟ ਬਿਊਰੋ) : ਟਰਾਂਸ ਮਾਊਨਟੇਨ ਪਾਈਪਲਾਈਨ ਨੂੰ 4.5 ਬਿਲੀਅਨ ਡਾਲਰ ਵਿੱਚ ਖਰੀਦਣ ਤੋਂ ਬਾਅਦ ਹੁਣ ਇਸ ਦੇ ਪਸਾਰ ਦੀ ਕੋਸ਼ਿਸ਼ ਵਿੱਚ ਮੰਗਲਵਾਰ ਨੂੰ ਫੈਡਰਲ ਕੈਬਨਿਟ ਇਹ ਫੈਸਲਾ ਕਰੇਗੀ ਕਿ ਇਸ ਪ੍ਰੋਜੈਕਟ ਉੱਤੇ ਦੂਜੀ ਵਾਰੀ ਦਸਤਖ਼ਤ ਕਰਨੇ ਹਨ ਜਾਂ ਨਹੀਂ।



ਫੈਡਰਲ ਕੋਰਟ ਆਫ ਅਪੀਲ ਵੱਲੋਂ ਇਸ ਲਈ ਪਹਿਲਾਂ ਦਿੱਤੀ ਗਈ ਮਨਜ਼ੂਰੀ ਨੂੰ ਖ਼ਤਮ ਕੀਤਿਆਂ ਨੂੰ ਵੀ 290 ਦਿਨ ਹੋ ਗਏ ਹਨ। ਕੋਰਟ ਨੇ ਇਸ ਸਬੰਧ ਵਿੱਚ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੂੰ ਮੂਲਵਾਸੀ ਕਮਿਊਨਿਟੀਜ਼ ਨਾਲ ਸਲਾਹ ਮਸ਼ਵਰਾ ਕਰਨ ਤੇ ਬ੍ਰਿਟਿਸ਼ ਕੋਲੰਬੀਆ ਦੇ ਤੱਟੀ ਇਲਾਕੇ ਦੀ ਮਰੀਨ ਲਾਈਫ ਉੱਤੇ ਇਸ ਪ੍ਰੋਜੈਕਟ ...ਬਾਕੀ ਪੰਨਾ 6 'ਤੇ

# ਨੈਸ਼ਨਲ ਡਰੱਗ ਯੋਜਨਾ ਰਾਹੀਂ ਐਨਡੀਪੀ ਨੇ ਯੂਨੀਵਰਸਲ ਹੈਲਥ ਕੇਅਰ ਦੇ ਪਸਾਰ ਦਾ ਕੀਤਾ ਵਾਅਦਾ



ਹੈਮਿਲਟਨ, 16 ਜੂਨ (ਪੋਸਟ ਬਿਊਰੋ) : ਫੈਡਰਲ ਐਨਡੀਪੀ ਦਾ ਕਹਿਣਾ ਹੈ ਕਿ ਜੇ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਉਹ ਜਿੱਤ ਜਾਂਦੀ ਹੈ ਤਾਂ ਉਹ ਕੈਨੇਡਾ ਦੇ ਹੈਲਥ ਕੇਅਰ ਸਿਸਟਮ ਦਾ ਪਸਾਰ ਕਰੇਗੀ। ਇਸ ਸਬੰਧ ਵਿੱਚ ਫਾਸਟ ਟਰੈਕਿੰਗ ਯੂਨੀਵਰਸਲ ਡਰੱਗ ਪਲੈਨ ਦੀ ਸ਼ੁਰੂਆਤ ਕੀਤੀ ਜਾਵੇਗੀ ਤੇ 2020 ਦੇ ਅੰਤ ਤੱਕ ਇਸ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਜੇ ਅਕਤੂਬਰ ਦੀਆਂ ਫੈਡਰਲ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਸਰਕਾਰ ਬਣਾਉਂਦੀ ਹੈ ਤਾਂ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਵਿੱਚ ਸਾਲਾਨਾ 10 ਬਿਲੀਅਨ ਡਾਲਰ ਲਾਏ ਜਾਣਗੇ। ਐਨਡੀਪੀ ਵੱਲੋਂ ਪ੍ਰਸਤਾਵਿਤ ਫਾਰਮਾਕੇਅਰ ਪ੍ਰੋਗਰਾਮ ਪਿੱਛੇ ਜਿਹੇ ਐਕਸਪਰਟ ਪੈਨਲ ਵੱਲੋਂ ਕੀਤੀ ਗਈ ਸਿਫਾਰਿਸ਼ ਤੋਂ ਪਹਿਲਾਂ ਸ਼ੁਰੂ ਹੋਵੇਗਾ।

ਪੈਨਲ ਦਾ ਕਹਿਣਾ ਹੈ ਕਿ ਫਾਰਮਾਕੇਅਰ ਲਈ ਨੁਸਖਿਆਂ ਦੇ ਆਧਾਰ ਉੱਤੇ ਦਵਾਈਆਂ ਦੀ ਕੌਮੀ ਸੂਚੀ ਪਹਿਲੀ ਜਨਵਰੀ, 2022 ਤੱਕ ਤਿਆਰ ਕਰ ਲਈ ਜਾਣੀ ਚਾਹੀਦੀ ਹੈ ਤੇ ਪਹਿਲੀ ਜਨਵਰੀ, 2027 ਤੱਕ ਇਸ ਦਾ ਪਸਾਰ ਹੋ ਜਾਣਾ ਚਾਹੀਦਾ ਹੈ। ...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth RIBO
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
LIFE INSURANCE
MORTGAGE INSURANCE
CRITICAL ILLNESS INS
DISABILITY INSURANCE
TRAVEL INS
FUNERAL INSURANCE
RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home
Auto
Business
Trucking
R.E.S.P
Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

Mortgage! We Will Beat Any Rate !!!
*Each Mortgage Centre is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA TRANSPORT LTD.

# LOOKING FOR LONG/SHORT HAULS

## A/Z DRIVERS FOR USA/LOCAL CANADA/TORONTO-MONTREAL

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

## ALSO HIRING OWNER OPERATORS






202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com



# TCMPLUS

## 10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

**WE TREAT:**

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

FREE CONSULTATION: **905-415-6999**
30 Wertheim court, Unit 11, Richmond Hill



APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com

Laddi



# SASH FLEET HOLDING LTD

Established since 2007

**NOW HIRING!!!**
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

*HIRING!!! Operations Manager*

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



Data everywhere.
No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਚੜ੍ਹਿਆ ਚਮਕੀ ਬੁਖਾਰ ਬਿਹਾਰ ਅੰਦਰ,
ਬੱਚੇ ਬਿਨਾਂ ਇਲਾਜ ਕਈ ਮਰਨ ਮੀਆਂ।
ਅਫਸਰ ਆਣ ਕੇ ਚੱਕਰ ਹਨ ਕੱਢ ਜਾਂਦੇ,
ਏਦੂੰ ਅੱਗੇ ਉਹ ਕੱਖ ਨਹੀਂ ਕਰਨ ਮੀਆਂ।
ਕੁਝ ਤਾਂ ਪਤਾ ਵੀ ਲੈਣ ਤੋਂ ਝਿਜਕਦੇ ਨੇ,
ਰੋਗ ਲੱਗਣੋਂ ਲੀਡਰ ਪਏ ਡਰਨ ਮੀਆਂ।
ਕਰ ਕੇ ਫੋਨ ਕਈ ਪੁੱਛ ਰਹੇ ਹਾਲ ਸਾਰਾ,
ਬੁੱਤਾ ਲੱਗ ਪਿਆ ਫੋਨ ’ਤੇ ਸਰਨ ਮੀਆਂ।
ਚਰਚਾ ਓਦਾਂ ਨਿਤੀਸ਼ ਦੀ ਬਹੁਤ ਸੁਣਦੀ,
ਅਮਲਾਂ ਵਿੱਚ ਨਹੀਂ ਕੰਮ ਹੈ ਠੀਕ ਮੀਆਂ।
ਠਿੱਬੀ ਲਾਉਣ ਨੂੰ ਭਾਜਪਾ ਬਹੁਤ ਕਾਹਲੀ,
ਕਰਦੀ ਚੋਣਾਂ ਦੀ ਸਿਰਫ ਉਡੀਕ ਮੀਆਂ।

ਤੀਸ ਮਾਰ ਖਾਂ

# ਪ੍ਰਧਾਨਗੀ ਮੁੱਦਾ ਨਿਪਟਾਏ ਬਿਨਾਂ ਰਾਹੁਲ ਗਾਂਧੀ ਇਕ ਹਫ਼ਤੇ ਲਈ ਲੰਡਨ ਜਾ ਪਹੁੰਚੇ

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਰਾਹੁਲ ਗਾਂਧੀ ਇਕ ਹਫ਼ਤੇ ਦੇ ਨਿੱਜੀ ਦੌਰ ਉੱਤੇ ਲੰਡਨ ਚਲੇ ਗਏ ਹਨ। ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਜਿਸ ਦਿਨ ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੂਰਜੇਵਾਲਾ ਨੇ ਇਹ ਬਿਆਨ ਦਿੱਤਾ ਸੀ ਕਿ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਹਨ ਅਤੇ ਉਹੀ ਰਹਿਣਗੇ, ਉਸੇ ਦਿਨ ਰਾਹੁਲ ਗਾਂਧੀ ਚੁੱਪ-ਚੁਪੀਤੇ ਲੰਡਨ ਨੂੰਚਲੇ ਗਏ ਸਨ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਰਾਹੁਲ ਗਾਂਧੀ ਅਪਣੇ ਪਾਰਲੀਮੈਂਟਰੀ ਖੇਤਰ ਵਾਇਨਾਡ ਦੇ ਦੌਰੇ ਉੱਤੇ ਸਨ ਤੇ ਪਾਰਲੀਮੈਂਟ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਉਹ ਕੁਝ ਕੰਮ ਹੋਰ ਕਰ ਲੈਣਾ ਚਾਹੁੰਦੇ ਹਨ। ਕਾਂਗਰਸ ਪਾਰਟੀ ਵਿੱਚ ਬਹੁਤ ਸੀਨੀਅਰ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਦੇ ਦੇਸ਼ ਮੁੜਨਪਿੱਛੋਂ ਹੀ ਕਾਂਗਰਸ ਦੀ ਪ੍ਰਧਾਨਗੀ ਬਾਰੇ ਪੂਰੀ



ਸਥਿਤੀ ਸਾਫ਼ ਹੋ ਸਕਦੀ ਹੈ। ਸਾਰੇ ਦੇਸ਼ ਵਿਚ ਕਾਂਗਰਸ ਦੇ ਸੂਬਾ ਯੂਨਿਟਾਂ ਨੇ ਰਾਹੁਲ ਗਾਂਧੀ ਨੂੰ ਪ੍ਰਧਾਨ ਬਣੇ ਰਹਿਣ ਦੀ ਅਪੀਲ ਕੀਤੀ ਹੋਈ ਹੈ। ਦੱਸਿਆ ਜਾਂਦਾ ਹੈ ਕਿ ਕਾਂਗਰਸ ਦੇ ਕਈ ਸੀਨੀਅਰ ਨੇਤਾਵਾਂ ਨੇ ਬੀਤੇ ਦਿਨੀਂ ਦਿੱਲੀ ਵਿਚ ਰਾਹੁਲ ਗਾਂਧੀ ਨਾਲ ਮਿਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ, ਪਰ ਉਹ ਸਫ਼ਲ ਨਹੀਂਸਨ ਹੋਏ। ਪਾਰਟੀ ਨੇ ਅਜੇ ਲੋਕ ਸਭਾ ਲਈ ਆਪਣੇ ਨੇਤਾ ਦੀ ਚੋਣ ਵੀ ਕਰਨੀ ਹੈ, ਇਸ ਲਈ ਕਿਹਾ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਦੀ ਲੰਡਨ ਤੋਂ ਵਾਪਸੀ ਉੱਤੇ ਜਾਂ ਉਨ੍ਹਾਂ ਦੀ ਸਹਿਮਤੀਲੈ ਕੇ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਨੇਤਾ ਦੀ ਚੋਣ ਕੀਤੀ ਜਾ ਸਕਦੀ ਹੈ। ਇਸ ਦੌਰਾਨ ਕਾਂਗਰਸੀ ਸੂਤਰ ਕਹਿੰਦੇ ਹਨ ਕਿ ਰਾਹੁਲ ਗਾਂਧੀ ਲੰਡਨ ਨਿੱਜੀ ਦੌਰਵਾਸਤੇ ਗਏ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿਪਾਰਲੀਮੈਂਟ ਸੈਸ਼ਨ ਸ਼ੁਰੂ ਹੋ ਜਾਣ ਤੋਂ ਬਾਅਦ ਉਨ੍ਹਾਂ ਲਈ ਵਿਦੇਸ਼ ਜਾਣਾ ਸੰਭਵ ਨਹੀਂ ਹੋ ਸਕਣਾ, ਇਸ ਲਈ ਉਹ ਲੋਕ ਸਭਾ ਦਾ ਸੈਸ਼ਨ ਸ਼ੁਰੂ ਹੋਣ ਤੋਂ ਇਕ ਹਫ਼ਤਾ ਪਹਿਲਾਂ ਲੰਡਨ ਨੂੰ ਚਲੇ ਗਏ ਸਨ ਤੇ ਛੇਤੀ ਹੀ ਵਾਪਸ ਆ ਜਾਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਸਰਕਾਰੀ ਪੈਸੇ ਦੀ ਦੁਰਵਰਤੋਂ ਲਈ ਇਜ਼ਰਾਈਲੀ ਪ੍ਰਧਾਨ ਮੰਤਰੀ ਦੀ ਪਤਨੀ ਦੋਸ਼ੀ ਮੰਨੀ ਗਈ



ਯੇਰੂਸ਼ਲਮ, 16 ਜੂਨ, (ਪੋਸਟ ਬਿਊਰੋ)- ਇਜ਼ਰਾਈਲ ਦੀ ਇਕ ਅਦਾਲਤ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਪਤਨੀ ਸਾਰਾ ਨੂੰ ਸਰਕਾਰੀ ਧਨ ਦੀ ਦੁਰਵਰਤੋਂ ਦਾ ਦੋਸ਼ੀ ਕਰਾਰ ਦਿੱਤਾ, ਪਰ ਸਾਰਾ (60)ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਰੱਦ ਕਰ ਦਿੱਤੇ ਹਨ। ਉਨ੍ਹਾਂਨੂੰ 2800 ਡਾਲਰ ਜੁਰਮਾਨਾ ਲਾਇਆ ਗਿਆ ਹੈ।

ਸਾਰਾ (60) ਉੱਤੇ ਸਰਕਾਰੀ ਧਨ ਦਾ ਵਰਤੋਂ ਕਰ ਕੇ ਇਕ ਰੈਸਤਰਾਂ ਤੋਂ ਇਕ ਲੱਖ ਡਾਲਰ ਦਾ ਖਾਣਾ ਮੰਗਵਾਉਣ ਦਾ ਦੋਸ਼ ਸੀ। ਉਨ੍ਹਾਂ ਉੱਤੇ ਇਹ ਝੂਠਾ ਬਿਆਨ ਦੇਣ ਦਾ ਵੀ ਦੋਸ਼ ਸੀ ਕਿ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦਾ ਰਸੋਈਆ ਨਾ ਹੋਣ ਕਾਰਨਏਦਾਂ ਕੀਤਾ ਸੀ। ਇਸ ਕੇਸ ਵਿਚ ਉਨ੍ਹਾਂ ਖ਼ਿਲਾਫ਼ ਪਿਛਲੇ ਸਾਲ ਜੂਨ ਵਿਚ ਧੋਖਾਧੜੀ ਅਤੇ ਵਿਸ਼ਵਾਸਘਾਤ ਦਾ ਕੇਸ ਦਰਜ ਕੀਤਾ ਗਿਆ ਸੀ। ਸਾਰਾ ਨੂੰ ਦੋਸ਼ੀ ਕਰਾਰ ਦੇਣ ਪਿੱਛੋਂ ਯੇਰੂਸ਼ਲਮ ਮੈਜਿਸਟ੍ਰੇਟ ਕੋਰਟ ਦੇ ਜੱਜ ਅਵਿਤਲ ਚੇਨ ਨੇ ਉਨ੍ਹਾਂ ਨੂੰ ਸਰਕਾਰੀ ਖ਼ਜ਼ਾਨੇ ਵਿਚ 12,500 ਡਾਲਰ ਹਰਜਾਨਾ ਭਰਨ ਦਾ ਆਦੇਸ਼ ਦਿੱਤਾ ਹੈ। ਸਾਰਾ ਇਹ ਰਕਮ ਨੌਂ ਕਿਸ਼ਤਾਂ ਵਿਚ ਜਮ੍ਹਾਂ ਕਰਵਾ ਸਕਦੀ ਹੈ। ਫ਼ੈਸਲਾ ਸੁਣਾਉਂਦੇ ਹੋਏ ਜੱਜ ਨੇ ਕਿਹਾ ਕਿ ਅਪਰਾਧ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਇਸ ਦੇ ਲਈ ਸਜ਼ਾ ਸੁਣਾਈ ਗਈ ਹੈ।

# ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਗਵਾਚੇ ਲਈ ਕਮੇਟੀ ਬਣੇਗੀ

ਅੰਮ੍ਰਿਤਸਰ, 16 ਜੂਨ (ਪੋਸਟ ਬਿਊਰੋ)- ਜੂਨ 1984 ਵਿੱਚ ਵਾਪਰੇ ਆਪਰੇਸ਼ਨ ਬਲਿਊ ਸਟਾਰ ਦੇ ਲਗਭਗ 35 ਸਾਲਾਂ ਬਾਅਦ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੀ ਵਾਰ ਖੁਲਾਸਾ ਕੀਤਾ ਹੈ ਕਿ ਓਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਣੀ ਹੋਈ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਫੌਜ ਵੱਲੋਂ ਚੁੱਕੇ ਅਮੁੱਲ ਖਜ਼ਾਨੇ ਵਿੱਚੋਂ ਸਿਰਫ 205 ਹੱਥ ਲਿਖਤ ਸਰੂਪ, 807 ਪੁਸਤਕਾਂ, ਇਕ ਹੁਕਮਨਾਮਾ ਅਤੇ ਕੁਝ ਅਖਬਾਰਾਂ ਹੀ ਵਾਪਸ ਮਿਲੀਆਂ ਹਨ ਅਤੇ ਸ਼੍ਰੋਮਣੀ ਕਮੇਟੀ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਰਜਿਸਟਰ ਵਿੱਚਲੇ ਰਿਕਾਰਡ ਮੁਤਾਬਕ 512 ਹੱਥ ਲਿਖਤ ਸਰੂਪ ਅਤੇ 12613 ਪੁਸਤਕਾਂ ਸਮੇਤ ਹੁਕਮਨਾਮੇ, ਅਖਬਾਰਾਂ, ਪੱਤ੍ਰਿਕਾਵਾਂ ਤੇ ਹੋਰ ਸਾਮਾਨ ਫੌਜ ਵੱਲੋਂ ਚੁੱਕ ਲਿਜਾਣ ਦਾ ਦਾਅਵਾ ਕੀਤਾ ਸੀ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਕ ਉਚ ਪੱਧਰੀ ਜਾਂਚ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ, ਜੋ ਫੌਜ ਵੱਲੋਂ ਵਾਪਸ ਦਿੱਤੇ ਗਏ ਸਾਮਾਨ ਦੀ ਮੌਜੂਦਗੀ ਤੇ ਲਾਪਤਾ ਹੋਏ ਇਕ ਸਰੂਪ ਸਮੇਤ ਸਾਰੇ ਕੇਸ ਦੀ ਜਾਂਚ ਕਰੇਗੀ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਜੂਨ 1984 ਤੋਂ ਅੱਜ ਤੱਕ ਦੇ ਸਾਬਕਾ ਅਤੇ ਮੌਜੂਦਾ ਸਕੱਤਰਾਂ, ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਾਬਕਾ ਤੇ ਮੌਜੂਦਾ ਲਾਇਬ੍ਰੇਰੀਅਨਜ਼ ਤੇ ਹੋਰ ਅਮਲੇ ਦੀ ਮੀਟਿੰਗ ਸੱਦੀ ਸੀ, ਜਿਸ ਵਿੱਚ ਲਗਭਗ 21 ਮੌਜੂਦਾ ਤੇ ਸਾਬਕਾ ਅਧਿਕਾਰੀ ਸ਼ਾਮਲ ਹੋਏ ਹਨ। ਮੁੱਦੇ ਦੀ ਗੰਭੀਰਤਾ ਦੇਖਦੇ ਹੋਏ ਮੀਟਿੰਗ ਦੀ ਆਡੀਓ ਤੇ ਵੀਡੀਓ ਰਿਕਾਰਡਿੰਗ ਵੀ ਕਰਾਈ ਗਈ ਹੈ। ਇਸ ਦੇ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਫੌਜ ਨੇ ਸੱਤ ਵਾਰ ਕੁਝ ਸਾਮਾਨ ਦਿੱਤਾ ਸੀ, ਜਿਸ ਵਿੱਚੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾਮਾਨ ਦੋ ਵਾਰ ਵਾਪਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਾਇਬ੍ਰੇਰੀ ਦੇ ਸਾਬਕਾ ਡਾਇਰੈਕਟਰ ਡਾ. ਅਨੁਰਾਗ ਸਿੰਘ ਵੱਲੋਂ ਦਿੱਤੀਆਂ ਸੂਚੀਆਂ ਮੁਤਾਬਕ ਫੌਜ ਨੇ 205 ਹੱਥ ਲਿਖਤ ਸਰੂਪ, 807 ਪੁਸਤਕਾਂ ਅਤੇ ਇਕ ਹੁਕਮਨਾਮਾ ਸਮੇਤ ਕੁਝ ਅਖਬਾਰਾਂ ਵਾਪਸ ਕੀਤੀਆਂ ਸਨ। ਬਾਕੀ ਸਾਮਾਨ ਵਿੱਚੋਂ 307 ਹੱਥ ਲਿਖਤ ਸਰੂਪ ਅਤੇ 11107 ਪੁਸਤਕਾਂ ਹਾਲੇ ਤੱਕ ਸ਼੍ਰੋਮਣੀ ਕਮੇਟੀ ਨੂੰ ਨਹੀਂ ਮਿਲੀਆਂ। ਉਨ੍ਹਾਂ ਨੇ ਫੌਜ ਦੇ ਇਸ ਦਾਅਵੇ ਨੂੰ ਰੱਦ ਕੀਤਾ ਕਿ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਮੋੜਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪਿੱਛੇ ਜਿਹੇ ਫੌਜ ਨੂੰ ਮੁੜ ਪੱਤਰ ਭੇਜ ਕੇ ਸ਼੍ਰੋਮਣੀ ਕਮੇਟੀ ਦਾ ਇਹ ਸਾਰਾ ਕੁਝ ਕਰਨ ਨੂੰ ਕਿਹਾ ਤਾਂ ਸੁਰੱਖਿਆ ਵਿਭਾਗ ਦੇ ਡਿਪਟੀ ਸਕੱਤਰ ਦੇ ਦਸਖਤਾਂ ਹੇਠ ਮਾਰਚ 2019 ਨੂੰ ਇਕ ਪੱਤਰ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ ਕਿ ਜਿਹੜਾ ਰਿਕਾਰਡ ਫੌਜ ਨੇ ਚੁੱਕਿਆ ਸੀ, ਉਸ ਵਿੱਚੋਂ ਕੁਝ ਸਾਮਾਨ ਪੁਲਸ ਨੂੰ ਅਤੇ ਕੁਝ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਸੀ। ਉਨ੍ਹਾਂ ਆਖਿਆ ਕਿ ਇਸ ਬਾਰੇ ਪੰਜਾਬ ਪੁਲਸ ਤੋਂ ਵੀ ਪੁੱਛਿਆ ਜਾਵੇਗਾ ਕਿ ਉਸ ਕੋਲ ਫੌਜ ਦਾ ਦਿੱਤਾ ਸਾਮਾਨ ਕਿਹੜਾ ਹੈ।

ਡਾ: ਰੂਪ ਸਿੰਘ ਨੇ ਦੱਸਿਆ ਕਿ ਸਮੁੱਚੇ ਮਾਮਲੇ ਦੀ ਜਾਂਚ ਲਈ ਇਕ ਉਚ ਪੱਧਰੀ ਜਾਂਚ ਕਮੇਟੀ ਛੇਤੀ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਐਲਾਨੀ ਜਾਵੇਗੀ।

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
● ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
● ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
● Uric Acid ਤੋਂ ਛੁਟਕਾਰਾ
● ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
● ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

PROPERTIES FOR SALE
5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms
47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.
Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਡੈਕਵਰਥ ਲੂਈਸ ਨਿਯਮ ਨਾਲ ਹੀ ਸਹੀ, ਭਾਰਤ ਨੇ ਪਾਕਿ ਨੂੰ ਫਿਰ ਹਰਾਇਆ

## *ਵਰਲਡ ਕੱਪ ਵਿਚ ਪਾਕਿ ਦੀ ਭਾਰਤ ਤੋਂ ਹਾਰ ਦਾ ਸਿਲਸਿਲਾ ਜਾਰੀ

ਮਾਨਚੈਸਟਰ, 16 ਜੂਨ, (ਪੋਸਟ ਬਿਊਰੋ)- ਵਰਲਡ ਕ੍ਰਿਕਟ ਕੱਪ ਦੇ ਐਤਵਾਰ ਦੇ ਮੈਚ ਵਿੱਚ ਪਕਿਸਤਾਨ ਵਿਰੁੱਧ 'ਮੈਨ ਆਫ ਦਿ ਮੈਚ' ਬਣੇ ਸਲਾਮੀ ਬੱਲੇਬਾਜ਼ ਰੋਹਿਤ ਸ਼ਰਮਾ ਦੇ ਇਕ ਹੋਰ ਸ਼ਾਨਦਾਰ ਸੈਂਕੜੇ ਨਾਲ ਵੱਡਾ ਸਕੋਰ ਬਣਾਉਣ ਵਾਲੇ ਭਾਰਤ ਨੇ ਪਾਕਿਸਤਾਨ ਨੂੰ ਡਕਵਰਥ ਲੂਈਸ ਨਿਯਮ ਨਾਲ 89 ਦੌੜਾਂ ਨਾਲ ਕਰਾਰੀ ਹਾਰ ਦੇ ਕੇ ਵਿਸ਼ਵ ਕੱਪ ਵਿਚ ਆਪਣੇ ਇਸ ਪੁਰਾਣੇ ਵਿਰੋਧੀ ਦੇ ਖਿਲਾਫ ਜੇਤੂ ਮੁਹਿੰਮ 7-0ਤੱਕ ਪੁਚਾ ਦਿੱਤੀ ਹੈ। ਭਾਰਤੀ ਕ੍ਰਿਕਟ ਟੀਮ ਨੇ ਵਰਲਡ ਕੱਪ ਵਿਚ ਹਮੇਸ਼ਾ ਪਾਕਿਸਤਾਨ ਨੂੰ ਹਰਾਇਆ ਹੈ ਅਤੇ ਅੱਜ ਵੀ ਇਹ ਸਿਲਸਿਲਾ ਜਾਰੀ ਰੱਖਿਆ ਹੈ।



ਸੈਂਕੜਾ ਮਾਰਨ ਮਗਰੋਂ ਖੁਸ਼ੀ ਜਾਹਿਰ ਕਰਦਾ ਹੋਇਆ ਰੋਹਿਤ ਸ਼ਰਮਾ।

ਵਰਨਣ ਯੋਗ ਹੈ ਕਿ ਭਾਰਤੀ ਟੀਮ ਨੇ ਮੈਚ ਵਿੱਚ 336 ਦੌੜਾਂ ਬਣਾਈਆਂ ਸਨ। ਜਵਾਬ ਵਿਚ ਪਾਕਿਸਤਾਨ ਨੇ ਜਦੋਂ 35 ਓਵਰਾਂ ਵਿਚ 6 ਵਿਕਟਾਂ ਉੱਤੇ 166 ਦੌੜਾਂ ਬਣਾਈਆਂ ਤਾਂ ਮੀਂਹ ਆ ਗਿਆ ਸੀ। ਇਸ ਪਿੱਛੋਂਦੋਬਾਰਾ ਖੇਡ ਸ਼ੁਰੂ ਹੋਣ ਉੱਤੇ ਪਾਕਿਸਤਾਨ ਨੂੰ 40 ਓਵਰਾਂ ਵਿਚ 302 ਦੌੜਾਂ, ਭਾਵ ਬਾਕੀ ਬਚਦੇ ਸਿਰਫ 5 ਓਵਰਾਂ ਵਿਚ 136 ਦੌੜਾਂ ਦਾ ਟੀਚਾ ਮਿਲ ਗਿਆ। ਪਾਕਿਸਤਾਨੀ ਟੀਮ ਕੁੱਲ ਮਿਲਾ ਕੇ 6 ਵਿਕਟਾਂ ਉੱਤੇ 212 ਦੌੜਾਂ ਹੀ ਬਣਾ ਸਕੀ ਅਤੇ ਇਸ ਤਰ੍ਹਾਂ ਭਾਰਤ ਨੇ ਸਟਾਰ ਸਪੋਰਟਸ ਚੈਨਲ ਵੱਲੋਂ ਬਣਾਈ ਗਈ ਇਕ ਵਿਵਾਦਤ ਐਡ ਨੂੰ ਇਕ ਤਰ੍ਹਾਂ ਸਹੀ ਸਾਬਤ ਕਰ ਦਿੱਤਾ, ਜਿਸ ਵਿਚ ਭਾਰਤ ਨੂੰ ਪਾਕਿਸਤਾਨ ਦਾ ਬਾਪ ਦੱਸਿਆ ਗਿਆ ਹੈ। ਇਸ ਦੇ ਨਾਲ ਹੀ ਭਾਰਤੀ ਪ੍ਰਸੰਸਕਾਂ ਨੇ ਪਾਕਿਸਤਾਨ ਉੱਤੇ ਜਿੱਤ ਦੇ ਨਾਲ ਇਸ ਦਿਨ 'ਫਾਦਰਜ਼ ਡੇਅ' ਦਾ ਜਸ਼ਨ ਵੀ ਮਨਾਉਣਾ ਸ਼ੁਰੂ ਕਰ ਦਿੱਤਾ।

ਪਾਕਿਸਤਾਨੀ ਟੀਮ ਵੱਲੋਂ ਸਿਰਫ ਵਿਚ ਇਕ ਮੌਕਾ ਪੇਸ਼ ਹੋਇਆ ਸੀ, ਜਦੋਂ ਭਾਰਤ ਥੋੜ੍ਹਾ ਪ੍ਰੇਸ਼ਾਨੀ ਵਿਚ ਦਿਸਿਆ ਸੀ। ਫਖਰ ਜ਼ਮਾਨ (62) ਅਤੇ ਬਾਬਰ ਆਜ਼ਮ (48) ਨੇ ਦੂਸਰੀ ਵਿਕਟ ਲਈ 104 ਦੌੜਾਂ ਜੋੜ ਕੇ ਭਾਰਤੀ ਦਰਸ਼ਕਾਂ ਨੂੰ ਕੁਝ ਦਬਾਅ ਵਿਚ ਲਿਆ ਦਿੱਤਾ ਸੀ, ਪਰ ਭਾਰਤੀ ਗੇਂਦਬਾਜ਼ਾਂ ਨੇ ਫਿਰ 12 ਦੌੜਾਂ ਦੇ ਅੰਦਰ 4 ਵਿਕਟਾਂ ਖਿੱਚ ਕੇ ਸ਼ਾਨਦਾਰ ਵਾਪਸੀ ਕਰ ਲਈ ਅਤੇ ਪਾਕਿਸਤਾਨੀ ਟੀਮ ਮਾਯੂਸ ਜਿਹੀ ਹੋ ਗਈ।



ਮੈਚ ਜਿੱਤਣ ਮਗਰੋਂ ਖੁਸ਼ੀ ਮਨਾਉਂਦੇ ਹੋਏ ਭਾਰਤੀ ਟੀਮ ਦੇ ਖਿਡਾਰੀ।

ਇਸ ਤੋਂ ਪਹਿਲਾਂ ਭਾਰਤੀ ਟੀਮ ਦੇ ਹਿੱਟਮੈਨ ਰੋਹਿਤ ਸ਼ਰਮਾ (140) ਦੇ ਜ਼ਬਰਦਸਤ ਸੈਂਕੜੇ ਤੇ ਕਪਤਾਨ ਵਿਰਾਟ ਕੋਹਲੀ (77) ਅਤੇ ਓਪਨਰ ਲੋਕੇਸ਼ ਰਾਹੁਲ (57) ਦੇ ਸ਼ਾਨਦਾਰ ਅਰਧ ਸੈਂਕੜਿਆਂ ਨਾਲ ਭਾਰਤੀ ਟੀਮ 50 ਓਵਰਾਂ ਵਿਚ 5 ਵਿਕਟਾਂ ਉੱਤੇ 336 ਦੌੜਾਂ ਦਾ ਵੱਡਾ ਸਕੋਰ ਬਣਾ ਚੁੱਕੀ ਸੀ। ਭਾਰਤ ਦੇ ਖੇਡਣ ਵੇਲੇ 46.4 ਓਵਰਾਂਪਿੱਛੋਂ ਮੀਂਹ ਪੈਣ ਦੇ ਕਾਰਨ ਕਰੀਬ 50 ਮਿੰਟ ਖੇਡ ਰੁਕੀ ਰਹੀ, ਪਰ ਓਵਰਾਂ ਦਾ ਕੱਟ ਨਹੀਂਲੱਗਾ ਤੇ 50 ਓਵਰ ਪੂਰੇ ਕਰ ਲਏ ਗਏ।ਰੋਹਿਤ ਸ਼ਰਮਾ ਨੇ ਆਪਣਾ 24ਵਾਂ ਸੈਂਕੜਾ ਬਣਾਇਆ ਅਤੇ ਵਿਰਾਟ ਕੋਹਲੀ ਨੇ ਵਨ ਡੇਅ ਕ੍ਰਿਕਟ ਵਿਚ 11 ਹਜ਼ਾਰ ਰੰਨ ਪੂਰੇ ਕਰ ਲਏ। ਵਿਰਾਟ ਇਸਦੇ ਨਾਲ ਸਭ ਤੋਂ ਤੇਜ਼ 11 ਹਜ਼ਾਰੀ ਵੀ ਹੋ ਗਿਆ। ਰੋਹਿਤ ਸ਼ਰਮਾ ਨੇ ਰਾਹੁਲ ਨਾਲ ਓਪਨਿੰਗ ਦੀ ਸਾਂਝ ਵਿਚ 136 ਦੌੜਾਂ ਅਤੇ ਵਿਰਾਟ ਨਾਲ ਦੂਜੀ ਵਿਕਟ ਲਈ ਸਾਂਝ ਵਿਚ 98 ਦੌੜਾਂ ਜੋੜੀਆਂ। ਉਸ ਨੇ ਪੰਡਯਾ ਦੇ ਨਾਲ ਤੀਜੀ ਵਿਕਟ ਲਈ 51 ਦੌੜਾਂ ਦੀ ਸਾਂਝ ਕਰ ਕੇ ਆਪਣਾ ਪਹਿਲਾ ਵਿਸ਼ਵ ਕੱਪ ਅਰਧ ਸੈਂਕੜਾ ਬਣਾਇਆ ਅਤੇ 78 ਗੇਂਦਾਂ ਉੱਤੇ 57 ਦੌੜਾਂ ਵਿਚ 3 ਚੌਕੇ ਅਤੇ 2 ਛੱਕੇ ਲਾਏ। ਫਿਰ ਉਸ ਨੇ ਇਸ ਵਿਸ਼ਵ ਕੱਪ ਵਿਚ ਆਪਣਾ ਦੂਜਾ ਸੈਂਕੜਾ ਤੇ ਕੁਲ 24ਵਾਂ ਸੈਂਕੜਾ ਬਣਾਇਆ ਅਤੇ ਆਪਣੀ ਧਾਂਕ ਜਮਾ ਦਿੱਤੀ।

ਪਾਕਿਸਤਾਨ ਨੇ ਇਸ ਮੁਕਾਬਲੇ ਵਿਚ ਟਾਸ ਜਿੱਤ ਕੇ ਪਹਿਲਾਂ ਫੀਲਡਿੰਗ ਦਾ ਫੈਸਲਾ ਕੀਤਾ। ਉਸ ਦੀ ਫੀਲਡਿੰਗ ਕਾਫੀ ਖਰਾਬ ਸੀ ਤੇ ਉਸ ਨੇ ਰੋਹਿਤ ਤੇ ਰਾਹੁਲ ਨੂੰ ਰਨ ਆਊਟ ਕਰਨ ਦੇ ਮੌਕੇ ਗੁਆਏ, ਜਿਨ੍ਹਾਂ ਦਾ ਲਾਭਉਠਾ ਕੇ ਰੋਹਿਤ ਨੇ ਸੈਂਕੜਾ ਤੇ ਰਾਹੁਲ ਨੇ ਅਰਧ ਸੈਂਕੜਾ ਬਣਾ ਲਿਆ। ਵਹਾਬ ਰਿਆਜ਼ ਨੇ ਰਾਹੁਲ ਨੂੰ ਬਾਬਰ ਆਜ਼ਮ ਦੇ ਹੱਥੋਂ ਕੈਚ ਕਰਵਾ ਲਿਆ, ਪਰ ਉਸ ਤੋਂ ਬਾਅਦ ਰੋਹਿਤ ਅਤੇ ਵਿਰਾਟ ਦੀ ਸ਼ਾਨਦਾਰ ਸਾਂਝ ਹੋ ਗਈ। ਇਸ ਦਾ ਅੰਤ ਰੋਹਿਤ ਦੇ ਸਕੂਪ ਸ਼ਾਟ ਨਾਲ ਹੋਇਆ, ਜਦੋਂ ਉਸ ਨੇ ਹਸਨ ਅਲੀ ਦੀ ਗੇਂਦਤੋਂ ਰਿਆਜ਼ ਨੂੰ ਕੈਚ ਦੇ ਦਿੱਤਾ। ਪੰਡਯਾ ਨੇ ਆਕੇਕੁਝ ਜ਼ੋਰਦਾਰ ਸ਼ਾਟ ਖੇਡੇ ਤੇ 19 ਗੇਂਦਾਂ ਵਿਚ 2 ਚੌਕਿਆਂ ਤੇ ਇਕ ਛੱਕੇ ਦੀ ਮਦਦ ਨਾਲ 26 ਦੌੜਾਂ ਬਣਾਈਆਂ,ਪਰ ਉਹ ਛੇਤੀ ਹੀ ਕੈਚ ਦੇ ਬੈਠਾ। ਮਹਿੰਦਰ ਸਿੰਘ ਧੋਨੀ ਵੀ ਬਹੁਤੀ ਦੇਰ ਕ੍ਰੀਜ਼ ਉੱਤੇਨਹੀਂ ਰਿਹਾ ਅਤੇ ਇਕੋ ਦੌੜ ਬਣਾ ਕੇ ਕੈਚ ਆਊਟ ਹੋ ਗਿਆ। ਇਸ ਦੌਰਾਨ ਵਿਰਾਟ ਕੋਹਲੀ ਨੇ ਵੰਨ ਡੇਅ ਵਿਚ 11 ਹਜ਼ਾਰ ਦੌੜਾਂ ਪੂਰੀਆਂ ਕਰ ਲਈਆਂ ਤੇ ਇਹ ਪ੍ਰਾਪਤੀਕਰਨ ਵਾਲਾ ਉਹ ਭਾਰਤ ਦਾ ਤੀਜਾ ਤੇ ਦੁਨੀਆ ਦਾ ਨੌਵਾਂ ਬੱਲੇਬਾਜ਼ ਬਣ ਗਿਆ।

ਭਾਰਤੀ ਪਾਰੀ ਦੀਆਂ 300 ਦੌੜਾਂ ਹੋਣ ਉੱਤੇ 47ਵੇਂ ਓਵਰ ਵਿੱਚ ਮੀਂਹ ਪੈਣ ਨਾਲ ਖੇਡ ਰੁਕ ਗਈ। ਦੁਬਾਰਾ ਸ਼ੁਰੂ ਹੋਣ ਪਿੱਛੋਂ ਤੇਜ਼ ਬਾਊਂਸਰ ਉੱਤੇ ਵਿਰਾਟ ਕੈਚ ਦੇ ਬੈਠਾ। ਆਪਣਾ ਪਹਿਲਾ ਮੈਚ ਖੇਡ ਰਹੇ ਵਿਜੇ ਸ਼ੰਕਰ ਨੇ 15 ਗੇਂਦਾਂ ਉੱਤੇ ਅਜੇਤੂ 15 ਦੌੜਾਂ ਤੇ ਕੇਦਾਰ ਜਾਧਵ ਨੇ 8 ਗੇਂਦਾਂ ਉੱਤੇ ਅਜੇਤੂ 9 ਦੌੜਾਂ ਬਣਾ ਕੇ ਭਾਰਤੀ ਸਕੋਰ ਨੂੰ 336 ਤਕ ਲਿਆਂਦਾ। ਪਾਕਿਸਤਾਨੀ ਗੇਂਦਬਾਜ਼ਾਂ ਨੇ ਡੈੱਥ ਓਵਰਾਂ ਵਿਚ ਚੰਗੀ ਵਾਪਸੀ ਕੀਤੀ ਤੇ ਭਾਰਤ ਨੂੰ 350 ਤਕ ਨਹੀਂ ਜਾਣ ਦਿੱਤਾ। ਆਮਿਰ ਨੇ 10 ਓਵਰਾਂ ਵਿਚ 47 ਦੌੜਾਂ ਉੱਤੇ 3 ਵਿਕਟਾਂ ਲਈਆਂ, ਰਿਆਜ਼ ਨੇ 10 ਓਵਰਾਂ ਵਿਚ 71 ਦੌੜਾਂ ਉੱਤੇ ਇਕ ਤੇ ਹਸਨ ਅਲੀ ਨੇ 9 ਓਵਰਾਂ ਵਿਚ 84 ਦੌੜਾਂ ਉੱਤੇ ਇਕ ਵਿਕਟ ਲਈ, ਪਰ ਇਸਦੇ ਨਾਲ ਹੀ ਉਹ ਵਿਸ਼ਵ ਕੱਪ ਵਿਚ ਪਾਕਿਸਤਾਨ ਦਾ ਸਭ ਤੋਂ ਮਹਿੰਗਾ ਗੇਂਦਬਾਜ਼ ਬਣ ਗਿਆ।

# ਸਿੱਖ ਡਰਾਈਵਰ ਨਾਲ ਸਰੇਆਮ ਪੁਲਸ ਦੀ ਕੁੱਟਮਾਰ ਪਿੱਛੋਂ ਦਿੱਲੀ ਦੇ ਲੋਕ ਭੜਕੇ

## * ਸੜਕਾਂ ਉੱਤੇ ਆ ਕੇ ਲੋਕਾਂ ਵੱਲੋਂ ਪੱਥਰਬਾਜ਼ੀ, 3 ਪੁਲਸੀਏ ਸਸਪੈਂਡ

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਮੁਖਰਜੀ ਨਗਰ ਇਲਾਕੇ ਵਿੱਚ ਇੱਕ ਸਿੱਖ ਆਟੋ ਡਰਾਈਵਰ ਤੇ ਉਸ ਦੇ ਨਾਲ ਇਕ ਨਾਬਾਲਿਗ ਸਿੱਖ ਲੜਕੇ ਦੀ ਕੁੱਟਮਾਰ ਹੋਣ ਨਾਲ ਭੜਕੇ ਹੋਏ ਲੋਕਾਂ ਨੇ ਦੇਰ ਰਾਤ ਦਿੱਲੀ ਪੁਲਸ ਦੇ ਖਿਲਾਫ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਹੈ। ਇਸ ਪ੍ਰਦਰਸ਼ਨ ਵਿੱਚ ਭੜਕੇ ਲੋਕਾਂ ਵੱਲੋਂ ਪੱਥਰਬਾਜ਼ੀ ਵੀ ਕੀਤੀ ਗਈ, ਜਿਸ ਦੀ ਜਾਣਕਾਰੀ ਟੀ ਵੀ ਚੈਨਲਾਂ ਵੱਲੋਂ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਪੁਲਸ ਨੇ ਇਸ ਕੇਸ ਵਿੱਚ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਉਨ੍ਹਾਂ ਤਿੰਨ ਪੁਲਸ ਮੁਲਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ, ਜਿਨ੍ਹਾਂ ਨੇ ਇੱਕ ਸਿੱਖ ਆਟੋ ਡਰਾਈਵਰ ਅਤੇ ਉਸ ਦੇ ਨਾਲ ਵਾਲੇ ਨਾਬਾਲਿਗ ਸਿੱਖ ਲੜਕੇ ਨਾਲ ਕੁੱਟਮਾਰ ਕੀਤੀ ਸੀ। ਇਸ ਤੋਂ ਪਹਿਲਾਂ ਦਿੱਲੀ ਗੁਰੂਦੁਆਰਾ ਸਿੱਖ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿਰਸਾ ਨੇ ਇਸ ਕੇਸ ਵਿੱਚ ਸਖਤ ਬਿਆਨ ਦਿੱਤਾ ਸੀ ਕਿ ਸਿੱਖ ਆਟੋ ਡਰਾਈਵਰ ਤੇ ਉਸ ਦੇ ਨਾਲ ਵਾਲੇ ਨਾਬਾਲਿਗ ਨਾਲ ਹੋਈ ਕੁੱਟਮਾਰਦੇ ਕੇਸ ਵਿੱਚਦਿੱਲੀ ਪੁਲਸ ਕਾਰਵਾਈ ਕਰੇ, ਵਰਨਾ ਉਹ ਲਗਾਤਾਰ ਰੋਸ ਪ੍ਰਦਰਸ਼ਨ ਕਰਨਗੇ।



ਇਸ ਸੰਬੰਧ ਵਿੱਚ ਇੱਕ ਅਖਬਾਰ ਦੀ ਖਬਰ ਹੈ ਕਿ ਪੁਲਸ ਦੀ ਐਮਰਜੈਂਸੀ ਰਿਸਪਾਂਸ ਟੀਮ ਦੀ ਗੱਡੀ ਅਤੇ ਆਟੋ ਫੋਰ ਵ੍ਹੀਲਰ ਦੇ ਡਰਾਈਵਰ ਦੀ ਆਪਸ ਵਿੱਚ ਤੂੰ-ਤੂੰ-ਮੈਂ-ਮੈਂ ਹੋ ਗਈ ਸੀ, ਜਿਸ ਦੇ ਬਾਅਦ ਪੁਲਸ ਨੇ ਆਟੋ ਡਰਾਈਵਰ ਤੇ ਉਸ ਦੇ ਨਾਬਾਲਗ ਪੁੱਤਰ ਨੂੰ ਡੰਡਿਆਂ ਨਾਲ ਕੁੱਟਣਾ ਆਰੰਭ ਕਰ ਦਿੱਤਾ। ਇਸ ਬਾਰੇ ਵੀਡੀਓ ਵਾਇਰਲ ਹੋ ਜਾਣ ਪਿੱਛੋਂ ਪੁਲਸ ਦਾ ਕਹਿਣਾ ਹੈ ਕਿ ਡਰਾਈਵਰ ਨੇ ਤਲਵਾਰ ਨਾਲ ਹਮਲਾ ਕਰ ਦਿੱਤਾ ਸੀ। ਉਨ੍ਹਾਂ ਨੇ ਇਸ ਦੇ ਬਾਅਦ ਪੁਲਸ ਦੇ ਕੁਝ ਜਵਾਨਾਂ ਨੂੰ ਹਸਪਤਾਲ ਵੀ ਦਾਖਲ ਕਰਵਾਇਆ ਹੈ। ਇੱਕ ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਆਟੋ ਚਾਲਕ ਸਰਬਜੀਤ ਸਿੰਘ ਨੇ ਆਪਣੇ ਜਾਣਕਾਰਾਂ ਨੂੰ ਫੋਨ ਕਰ ਕੇ ਸੱਦ ਲਿਆ ਅਤੇ ਹੰਗਾਮਾ ਕਰਨ ਲੱਗ ਪਿਆ ਸੀ ਅਤੇ ਪੁਲਸ ਨੇ ਰੋਕਿਆ ਤਾਂ ਉਸ ਨੇ ਤਲਵਾਰ ਨਾਲ ਹਮਲਾ ਕਰ ਦਿੱਤਾ ਤੇ ਉਸ ਦੇ ਨਾਬਾਲਗ ਬੇਟੇ ਨੇ ਇੱਕ ਥਾਣੇਦਾਰ ਦੇ ਪੈਰ ਉੱਤੇ ਆਟੋ ਚਾੜ੍ਹ ਦਿੱਤਾ ਤਾਂ ਪੁਲਸ ਨੇ ਹੋਰ ਫੋਰਸ ਸੱਦ ਕੇ ਉਨ੍ਹਾਂ ਨੂੰ ਕੁਟਾਪਾ ਚਾੜ੍ਹ ਦਿੱਤਾ ਸੀ। ਬਾਅਦ ਵਿੱਚ ਉਨ੍ਹਾਂ ਨੂੰ ਥਾਣੇ ਲਿਜ-ਾਇਆ ਗਿਆ।

ਇਸ ਦੇ ਬਾਅਦ ਜਦੋਂ ਲੋਕ ਸੜਕਾਂ ਉੱਤੇ ਨਿਕਲ ਆਏ ਤਾਂ ਪੁਲਸ ਅਧਿਕਾਰੀਆਂ ਨੇ ਇਸ ਕੁੱਟਮਾਰ ਵਿੱਚ ਸ਼ਾਮਲ ਤਿੰਨ ਪੁਲਸ ਵਾਲਿਆਂ ਨੂੰ ਸਸਪੈਂਡ ਕਰ ਕੇ ਕਾਰਵਾਈ ਪਾਉਣ ਦਾ ਕੰਮ ਕੀਤਾ ਹੈ।

# ਮਾਮੇ ਦੇ ਪੁੱਤ ਨੇ ਪਤਨੀ ਅਤੇ ਸਾਲੇ ਨਾਲ ਮਿਲ ਕੇ ਭੈਣ ਨੂੰ ਚਾਕੂ ਮਾਰੇ

ਜਲੰਧਰ, 16 ਜੂਨ (ਪੋਸਟ ਬਿਊਰੋ)- ਕ੍ਰਿਸ਼ਨਾ ਨਗਰ 'ਚ ਰਹਿੰਦੇ ਮਾਮੇ ਦੇ ਪੁੱਤ ਨੇ ਆਪਣੀ ਪਤਨੀ ਅਤੇ ਸਾਲੇ ਨਾਲ ਮਿਲ ਕੇ ਆਪਣੀ ਭੈਣ ਉਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ ਅਤੇ ਉਸ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਤੇ ਉਸ ਦੀਆਂ ਗੱਲ੍ਹਾਂ ਤੋਂ ਮਾਸ ਤੱਕ ਨੋਚ ਲਿਆ। ਚਾਕੂਆਂ ਨਾਲ ਉਸ ਦਾ ਪੂਰਾ ਚਿਹਰਾ ਵਿਗਾੜ ਦਿੱਤਾ ਗਿਆ ਹੈ, ਤਾਂ ਕਿ ਉਸ ਦੀ ਪਛਾਣ ਨਾ ਹੋ ਸਕੇ। ਇਸ ਤੋਂ ਬਾਅਦ ਔਰਤ ਨੂੰ ਮਰੀ ਸਮਝ ਕੇ ਕਤਲ ਨੂੰ ਸੜਕ ਹਾਦਸੇ ਬਣਾਉਣ ਲਈ ਬੇਹੋਸ਼ੀ ਵਿੱਚ ਕਪੂਰਥਲਾ ਰੋਡ 'ਤੇ ਵਰਿਆਣਾ ਚੌਕ ਕੋਲ ਸੜਕ 'ਤੇ ਸੁੱਟ ਦਿੱਤਾ ਸੀ।

ਪਤਾ ਲੱਗਾ ਹੈ ਕਿ ਕਿਸੇ ਰਾਹਗੀਰ ਦੀ ਸੂਚਨਾ 'ਤੇ 108 ਐਂਬੂਲੈਂਸ ਰਾਹੀਂ ਉਸ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਤਾਂ ਇਲਾਜ ਮਗਰੋਂ ਔਰਤ ਨੇ ਪੁਲਸ ਨੂੰ ਜਿਹੜੇ ਬਿਆਨ ਦੇ ਦਿੱਤੇ, ਉਸ ਨਾਲ ਪੂਰੀ ਵਾਰਦ-ਾਤ ਦਾ ਪਰਦਾ ਫਾਸ਼ ਹੋਇਆ। ਮੁੱਢਲੇ ਇਲਾਜ ਪਿੱਛੋਂ ਰਿਸ਼ਤੇਦਾਰ ਉਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਲੈ ਗਏ, ਜਿਥੇ ਅੱਖਾਂ ਬੁਰੀ ਤਰ੍ਹਾਂ ਜ਼ਖਮੀ ਹੋਣ ਕਾਰਨ ਉਸ ਨੂੰ ਈ ਐਨ ਟੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਔਰਤ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਬਸਤੀ ਬਾਵਾ ਖੇਲ ਪੁਲਸ ਨੇ ਪਰਵਾਰ ਦੇ ਬਿਆਨ ਲੈ ਕੇ ਔਰਤ ਦੇ ਮਾਮੇ ਦੇ ਪੁੱਤ ਸ਼ੰਕਰ ਤੇ ਉਸ ਦੀ ਪਤਨੀ ਗੀਤਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਦਾ ਸਾਲਾ ਵਿਜੈ ਫਰਾਰ ਹੈ। ਔਰਤ ਦੇ ਬਿਆਨਾਂ ਉੱਤੇ ਤਿੰਨਾਂ ਮੁਲਜ਼ਮਾਂ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਏ ਐਸ ਆਈ ਰੇਸ਼ਮ ਸਿੰਘ ਨੇ ਦੱਸਿਆ ਕਿ ਔਰਤ ਆਪਣੇ ਮਾਮੇ ਦੇ ਪੁੱਤ ਦੇ ਸਾਲੇ ਤੋਂ ਵੱਖ ਰਹਿਣਾ ਚਾਹੁੰਦੀ ਸੀ, ਪਰ ਉਹ ਵਿਆਹ ਦਾ ਦਬਾਅ ਪਾ ਰਿਹਾ ਸੀ। ਇਸ ਕਾਰਨ ਉਹ ਮਾਮੇ ਦੇ ਪੁੱਤਰ ਘਰ ਆਈ ਤਾਂ ਉਨ੍ਹਾਂ ਦਾ ਝਗੜਾ ਹੋ ਗਿਆ ਤੇ ਤਿੰਨਾਂ ਨੇ ਮਿਲ ਕੇ ਉਸ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਤੇ 40 ਹਜ਼ਾਰ ਰੁਪਏ ਖੋਹ ਲਏ। ਇਸ ਤੋਂ ਬਾਅਦ ਲੈਦਰ ਕੰਪਲੈਕਸ ਲਿਜਾ ਕੇ ਚਾਕੂਆਂ ਨਾਲ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ।

# ਪਤਨੀ ਨੂੰ ਟਿਕ-ਟੌਕ ਚਲਾਉਣ ਤੋਂ ਰੋਕਿਆ ਤਾਂ ਖੁਦਕੁਸ਼ੀ ਕੀਤੀ

ਚੇਨਈ, 16 ਜੂਨ (ਪੋਸਟ ਬਿਊਰੋ)- ਵੀਡੀਓ ਸ਼ੇਅਰਿੰਗ ਐਪ ਟਿਕ ਟੌਕ 'ਤੇ ਜ਼ਿਆਦਾ ਸਮਾਂ ਬਿਤਾਉਣ ਬਾਰੇ ਇੱਕ ਔਰਤ ਨੂੰ ਉਸ ਦੇ ਪਤੀ ਨੇ ਰੋਕਿਆ ਤਾਂ ਔਰਤ ਇੰਨਾ ਨਾਰਾਜ਼ ਹੋਈ ਕਿ ਉਸ ਨੇ ਖੁਦਕੁਸ਼ੀ ਕਰ ਲਈ।

ਤਾਮਿਲ ਨਾਡੂ ਦੇ ਅਰਿਯਾਲੁਰ ਇਲਾਕੇ ਵਿੱਚ ਰਹਿਣ ਵਾਲੀ 24 ਸਾਲਾ ਅਨੀਤਾ ਨੂੰ ਟਿਕ ਟੌਕ ਐਪ ਦਾ ਅਜਿਹਾ ਚਸਕਾ ਸੀ ਕਿ ਉਹ ਆਪਣੇ ਪਰਵਾਰ ਉਤੇ ਧਿਆਨ ਦੇਣ ਦੀ ਥਾਂ ਵੱਧ ਸਮਾਂ ਟਿਕ ਟੌਕ ਐਪ 'ਤੇ ਬਿਤਾਉਣ ਲੱਗੀ। ਇਸ ਤੋਂ ਅਨੀਤਾ ਦੇ ਪਤੀ ਨੇ ਨਾਰਾਜ਼ ਹੋ ਕੇ ਅਨੀਤਾ ਨੂੰ ਮੋਬਾਈਲ ਚਲਾਉਣ ਤੋਂ ਰੋਕਿਆ। ਪਤੀ ਦੀ ਇਸ ਗੱਲ ਤੋਂ ਨਾਰਾਜ਼ ਹੋ ਕੇ ਅਨੀਤਾ ਨੇ ਕੀਟਨਾਸ਼ਕ ਪੀ ਕੇ ਖੁਦਕੁਸ਼ੀ ਕਰ ਲਈ।

ਪਤਾ ਲੱਗਾ ਹੈ ਕਿ 24 ਸਾਲਾ ਅਨੀਤਾ ਦਾ ਵਿਆਹ 29 ਸਾਲਾ ਪਲਾਨੀਵੇਲ ਨਾਲ ਹੋਇਆ ਸੀ। ਉਨ੍ਹਾਂ ਦੇ ਚਾਰ ਸਾਲ ਦੀ ਬੇਟੀ ਅਤੇ ਦੋ ਸਾਲ ਦਾ ਇੱਕ ਬੇਟਾ ਹੈ। ਟਿਕ ਟੌਕ ਚਲਾਉਣ ਬਾਰੇ ਪਤੀ ਦੀ ਝਾੜ ਤੋਂ ਨਾਰਾਜ਼ ਅਨੀਤਾ ਨੇ ਖੁਦਕੁਸ਼ੀ ਤੋਂ ਪਹਿਲਾਂ ਆਪਣੀ ਵੀਡੀਓ ਰਿਕਾਰਡਿੰਗ ਕੀਤੀ, ਜਿਸ ਵਿੱਚ ਉਸ ਨੇ ਆਪਣੇ ਪਤੀ ਨੂੰ ਦੋਵੇਂ ਬੱਚਿਆਂ ਦਾ ਧਿਆਨ ਰੱਖਣ ਲਈ ਕਿਹਾ ਹੈ। ਪਲਾਨੀਵੇਲ ਖੇਤੀ ਕਰਦਾ ਹੈ ਅਤੇ ਕੰਮ ਦੇ ਸੰਬੰਧ 'ਚ ਕੁਝ ਸਾਲ ਪਹਿਲਾਂ ਸਿੰਗਾਪੁਰ ਗਿਆ ਸੀ। ਅਨੀਤਾ ਨੂੰ ਇੱਕ ਟੌਕ ਦੀ ਅਜਿਹੀ ਆਦਤ ਲੱਗ ਗਈ ਸੀ ਕਿ ਉਹ ਆਪਣੇ ਪਰਵਾਰ ਅਤੇ ਬੱਚਿਆਂ ਦਾ ਧਿਆਨ ਨਹੀਂ ਰੱਖਦੀ ਸੀ।








Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**TORONTO $2,150**
50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

**MISSISAUGA $99,900**
1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

**St. Catharine $199,999**
73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

**BRAMPTON $229,000**
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

**BRAMPTON $75,000**
Photo Not Available
135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

**MISSISSAUGA $169,900**
Photo Not Available
7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

**TORONTO $289,000**
Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

**BURLINGTON $299,000**
701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

**BRAMPTON $789,800**
Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

**BRAMPTON $330,000**
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000**
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**CALEDON $399,000**
Photo Not Available
12612 HIGHWAY 50: Sale Of Business Without Property Bakery
Please call 905-405-8484

**BRANTFORD $499,000**
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**New Tecumseth $899,800**
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

**MISSISSAUGA $629,000**
Photo Not Available
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**WOODSTOCK $1,125,000**
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਸੋਸ਼ਲ ਸਰਵਿਸਜ਼ ਗਰੁਪ ਦੀ ਹੋਈ ਮੀਟਿੰਗ, ਮਲਟੀਕਲਚਰ ਈਵੈਂਟ ਨੂੰ ਲੈ ਕੇ ਕੀਤੇ ਵਿਚਾਰ ਸਾਂਝੇ



ਸੀਨੀਅਰਜ਼ ਸੋਸ਼ਲ ਸਰਵਿਸਜ਼ ਗਰੁਪ ਦੇ ਮੈਂਬਰ ਮੀਟਿੰਗ ਮਗਰੋਂ।

ਓਂਟਾਰੀਓ, 16 ਜੂਨ (ਪੋਸਟ ਬਿਊਰੋ)- ਸੀਨੀਅਰਜ਼ ਸੋਸ਼ਲ ਸਰਵਿਸਜ਼ ਗਰੁਪ ਦੀ ਹੋਈ ਮੀਟਿੰਗ ਪ੍ਰਧਾਨ ਚਾਂਦ ਕਪੂਰ ਦੀ ਪ੍ਰਧਾਨਗੀ ਹੇਠ ਹੋਈ ਅਤੇ 22 ਜੂਨ 2019 ਨੂੰ ਹੋ ਰਹੀ ਮਲਟੀਕਲਚਰ ਈਵੈਂਟ ਬਾਰੇ ਖੁਲਾਸੇ ਕੀਤੇ ਗਏ। ਥੱਲੇ ਦਿਤੇ ਗਏ ਵਿਚਾਰ ਮੈਂਬਰਾਂ ਨਾਲ ਸਾਂਝੇ ਕੀਤੇ ਗਏ ਅਤੇ ਫਾਈਨਲ ਕੀਤੇ ਗਏ।

-ਈਵੈਂਟ ਐਫਬੀਆਈ ਸਕੂਲ ਦੇ ਨਵੇਂ ਆਡੇਟੋਰੀਅਮ ਵਿਚ 1 ਤੋਂ 4 ਵਜੇ ਤੱਕ ਹੋਵੇਗਾ। ਸਕੂਲ ਦਾ ਪਤਾ 21 Coventry Rd Brampton ਹੈ ਜੋ ਕਿ ਏਅਰ ਪੋਰਟ ਰੋਡ ਅਤੇ ਕਿਊਨ ਰੋਡ ਵਾਲੇ ਵਾਲਮਾਰਟ ਦੇ ਪਿਛਲੇ ਪਾਸੇ ਹੈ।

-ਈਵੈਂਟ ਉਪਰ ਕਾਨਸੂਲੇਟ ਜਨਰਲ ਆਫ ਇੰਡੀਆ ਅਤੇ ਬਰੈਂਪਟਨ ਮੇਅਰ ਤੋਂ ਇਲਾਵਾ ਸਭ ਐਮਪੀਜ਼ ਅਤੇ ਐਮਪੀਪੀਜ਼ ਨੂੰ ਸੱਦੇ ਭੇਜੇ ਜਾ ਚੁਕੇ ਹਨ।

-ਸਕੀਜ਼ੋਫਰੀਨੀਆ ਸੁਸਾਇਟੀ ਆਫ ਓਂਟਾਰੀਓ ਅਤੇ ਪੰਜਾਬੀ ਕਮਿਉਨਿਟੀ ਹੈਲਥ ਸੈਂਟਰ ਦੇ ਮਾਹਰ ਫੋਕਸਡ ਮੁਦੇ ਉਪਰ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਤੋਂ ਇਲਾਵਾ ਪੀਲ ਪੁਲੀਸ ਦੇ ਨੁਮਾਂਇੰਦੇ ਨੂੰ ਵੀ ਪਹੁੰਚਣ ਲਈ ਦਿੱਤਾ ਗਿਆ ਹੈ।

-ਰੰਗਾ ਰੰਗ ਪ੍ਰੋਗਰਾਮ ਵਿਚ ਹੁਲਾ ਡਾਂਸ ਅਤੇ ਐਫਬੀਆਈ ਸਕੂਲ ਦਾ ਭੰਗੜਾ ਗਰੁਪ ਪੇਸ਼ ਹੋਵੇਗਾ। ਮਸ਼ਹੂਰ ਪੰਜਾਬੀ ਸਿੰਗਰ ਰਿੰਪੀ ਪੇਸ਼ ਹੋਵੇਗੀ। ਕਵੀਜਨ ਕਵਿਤਾਵਾਂ ਪੜ੍ਹਨਗੇ।

-ਸੁਆਦੀ ਅਤੇ ਵੰਨ ਸੁਵੰਨੇ ਇੰਟਰਨੈਸ਼ਨਲ ਫੂਡ ਦਾ ਬਫੇ ਲੱਗੇਗਾ ਜਿਸਦਾ ਅਨੰਦ 12,30 ਤੋਂ 1 ਵਜੇ ਦੇ ਵਿਚਕਾਰ ਲਿਆ ਜਾ ਸਕਦਾ ਹੈ।

ਕਿਸੇ ਹੋਰ ਜਾਣਕਾਰੀ ਲਈ 905 794 7882 ਜਾਂ 905 791 4600 ਨੰਬਰਾਂ ਉਤੇ ਫੋਨ ਕੀਤਾ ਜਾ ਸਕਦਾ ਹੈ।

# ਵਟਸਐਪ ਉਤੇ ਬਹੁਤੇ ਮੈਸੇਜ ਕਰਨ ਵਾਲਿਆਂ ਉਤੇ ਹੋ ਸਕਦੀ ਹੈ ਕਾਨੂੰਨੀ ਕਾਰਵਾਈ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਵਟਸਐਪ ਨੇ ਆਪਣੇ ਪਲੇਟਫਾਰਮ ਤੋਂ ਫੇਕ ਨਿਊਜ਼ 'ਤੇ ਲਗਾਮ ਕੱਸਣ ਲਈ ਇੱਕ ਹੋਰ ਕਦਮ ਚੁੱਕਿਆ ਹੈ। ਇਹ ਅਦਾਰਾ ਉਨ੍ਹਾਂ ਯੂਜ਼ਰਜ਼ ਦੇ ਖਿਲਾਫ ਕਾਨੂੰਨੀ ਕਾਰਵਾਈ ਕਰੇਗਾ, ਜੋ ਬਹੁਤ ਜ਼ਿਆਦਾ ਮੈਸੇਜ ਭੇਜਦੇ ਹਨ, ਯਾਨੀ ਬਲਕ ਮੈਸੇਜਿੰਗ ਜਾਂ ਆਟੋਮੇਟਿਡ ਮੈਸੇਜਿੰਗ ਕਰਦੇ ਹਨ। ਇਹ ਗੱਲ ਕੰਪਨੀ ਨੇ ਇੱਕ ਅਪਡੇਟ ਵਿੱਚ ਕਹੀ ਹੈ। ਵਟਸਐਪ ਆਪਣੇ ਸਰਵਿਸ ਟਰਮਸ ਦੀ ਉਲੰਘਣਾ ਕਰਦੇ ਯੂਜ਼ਰਜ਼ ਨੂੰ ਬੈਨ ਕਰ ਸਕਦੀ ਹੈ।



ਇਸ ਸੰਬੰਧ ਵਿੱਚ ਵਟਸਐਪ ਦੇ ਐੱਫ ਏ ਕਿਊ (ਅਕਸਰ ਪੁੱਛੇ ਜਾਣ ਵਾਲੇ ਸਵਾਲ) ਵਿੱਚ ਕੀਤੇ ਗਏ ਅਪਡੇਟ ਦੇ ਮੁਤਾਬਕ ਕੰਪਨੀ ਸੱਤ ਦਸੰਬਰ 2019 ਤੋਂ ਅਜਿਹੇ ਕਿਸੇ ਵੀ ਯੂਜ਼ਰ ਦੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦੀ ਹੈ, ਜੋ ਇਸ ਪਲੇਟਫਾਰਮ ਤੋਂ ਗਲਤ ਗੱਲਾਂ, ਅਫਵਾਹਾਂ ਫੈਲਾਉਣ ਜਾਂ ਗਲਤ ਕੰਮਾਂ ਵਿੱਚ ਸ਼ਾਮਲ ਹਨ ਜਾਂ ਦੂਸਰਿਆਂ ਦੀ ਇਸ ਵਿੱਚ ਮਦਦ ਕਰਦੇ ਹਨ। ਇਹ ਕੰਪਨੀ ਦੇ ਸਰਵਿਸ ਟਰਮ ਦਾ ਉਲੰਘਣਾ ਹੈ, ਜਿਸ ਦੇ ਤਹਿਤ ਬਲਕ ਜਾਂ ਆਟੋਮੇਟਿਡ ਮੈਸੇਜਿੰਗ ਜਾਂ ਨਾਨ ਪਰਸਨਲ ਯੂਜ਼ ਦੇ ਮੈਸੇਜ ਵੀ ਆਉਂਦੇ ਹਨ। ਵਟਸਐਪ ਪੇਜ ਉਤੇ ਅਨਆਥੋਰਾਈਜ਼ਡ ਯੂਸੇਜ਼ ਆਫ ਵਟਸਐਪ ਟਾਈਟਲ ਹੇਠ ਮੌਜੂਦ ਨਵੇਂ ਅਪਡੇਟ ਵਿੱਚ ਕਿਹਾ ਗਿਆ ਹੈ ਕਿ ਕੰਪਨੀ ਆਪਣੇ ਪਲੇਟਫਾਰਮ ਦਾ ਪ੍ਰਾਈਵੇਟ ਨੇਚਰ ਬਿਹਤਰ ਬਣਾਉਣ ਅਤੇ ਯੂਜ਼ਰਜ਼ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ। ਵਟਸਐਪ ਨੇ ਫਿਰ ਦੁਹਰਾਇਆ ਹੈ ਕਿ ਉਸ ਦਾ ਪਲੇਟਫਾਰਮ ਪ੍ਰਾਈਵੇਟ ਮੈਸੇਜਿੰਗ ਅਤੇ ਬਿਜ਼ਨਸ ਐਪ ਜ਼ਰੀਏ ਆਰਗੇਨਾਈਜ਼ੇਸ਼ਨ ਲਈ ਕਸਟਮਰਸ ਨਾਲ ਜੁੜਨ ਅਤੇ ਗੱਲਬਾਤ ਕਰਨ ਲਈ ਹੈ, ਪਰ ਸਪੈਮ ਮੈਸੇਜਿਜ਼ ਨੂੰ ਕੰਪਨੀ ਬਰਦਾਸ਼ਤ ਨਹੀਂ ਕਰੇਗੀ।

# ਜੰਗੀ ਸ਼ਹੀਦਾਂ ਦੇ ਸੱਤ ਵਾਰਸਾਂ ਨੂੰ ਕੈਪਟਨ ਸਰਕਾਰ ਨੌਕਰੀ ਦੇਵੇਗੀ

ਚੰਡੀਗੜ੍ਹ, 16 ਜੂਨ (ਪੋਸਟ ਬਿਊਰੋ)- ਪੰਜਾਬ ਵਿਚਲੇ ਸਨਮਾਨਿਤ ਜੰਗੀ ਸ਼ਹੀਦਾਂ ਦੇ ਸਤਿਕਾਰ ਵਜੋਂ ਚੀਫ ਸੈਕਟਰੀ ਦੀ ਅਗਵਾਈ ਵਾਲੀ ਉੱਚ ਤਾਕਤੀ ਕਮੇਟੀ ਨੇ ਸਰਕਾਰੀ ਨੌਕਰੀਆਂ ਲਈ ਇਨ੍ਹਾਂ ਦੇ ਸੱਤ ਵਾਰਸਾਂ ਦੇ ਨਾਵਾਂ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਤਿਮ ਫੈਸਲਾ ਲੈਣ ਵਾਸਤੇ ਸਿਫਾਰਸ਼ ਕਰ ਦਿੱਤੀ ਹੈ।

ਕੱਲ੍ਹ ਇਥੇ ਡਿਫੈਂਸ ਸੇਵਾਵਾਂ ਭਲਾਈ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸਾਰੇ ਸੱਤ ਉਮੀਦਵਾਰਾਂ ਨੂੰ ਉਨ੍ਹਾਂ ਦੀ ਮਨਪਸੰਦ ਦੀ ਨੌਕਰੀ ਦੀ ਸਿਫਾਰਸ਼ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਨੂੰ ਸਿਫਾਰਸ਼ ਭੇਜਣ ਤੋਂ ਪਹਿਲਾਂ ਕਮੇਟੀ ਨੇ ਉਨ੍ਹਾਂ ਉਮੀਦਵਾਰਾਂ ਤੋਂ ਉਨ੍ਹਾਂ ਦੀ ਪਸੰਦ ਵੀ ਪੁੱਛੀ ਸੀ। ਵਿੰਗ ਕਮਾਂਡਰ ਐੱਮ ਐੱਸ ਢਿੱਲੋਂ ਦੀ ਵਿਧਵਾ ਪ੍ਰਭਪ੍ਰੀਤ ਕੌਰ ਨੇ ਕਲਾਸ-1 ਦੀ ਪੋਸਟ ਲਈ ਬੇਨਤੀ ਕੀਤੀ ਸੀ, ਉਸ ਨੂੰ ਅਸਿਸਟੈਂਟ ਰਜਿਸਟਰਾਰ ਕੋਆਪਰੇਟਿਵ ਸੁਸਾਇਟੀਜ਼ ਦੀ ਪੋਸਟ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਵਿੰਗ ਕਮਾਂਡਰ ਐੱਮ ਐੱਸ ਢਿੱਲੋਂ ਨੇ ਅਰੁਣਾਚਲ ਪ੍ਰਦੇਸ਼ ਦੇ ਹੜ੍ਹ ਪ੍ਰਭਾਵਤ ਖੇਤਰ ਵਿੱਚੋਂ ਸਿਵਲੀਅਨ ਲੋਕ ਨੂੰ ਬਾਹਰ ਕੱਢਦੇ ਸਮੇਂ ਹਵਾਈ ਹਾਦਸੇ ਵਿੱਚ ਆਪਣਾ ਬਲਿਦਾਨ ਦਿੱਤਾ ਸੀ। ਸ਼ਹੀਦ ਲਾਂਸ ਨਾਇਕ ਸੰਦੀਪ ਸਿੰਘ ਦੀ ਵਿਧਵਾ ਗੁਰਪ੍ਰੀਤ ਕੌਰ ਅਤੇ ਗੁਰਦਾਸਪੁਰ ਦੇ ਸਿਪਾਹੀ ਮਨਦੀਪ ਸਿੰਘ ਦੀ ਵਿਧਵਾ ਰਾਜਵਿੰਦਰ ਕੌਰ ਨੇ ਗਰੁੱਪ ਬੀ ਜਾਂ ਸੀ ਦੀ ਅਸਾਮੀ ਲਈ ਬੇਨਤੀ ਕੀਤੀ ਸੀ। ਉਨ੍ਹਾਂ ਲਈ ਦਿਹਾਤੀ ਵਿਕਾਸ ਵਿਭਾਗ ਵਿੱਚ ਸਮਾਜਕ ਸਿਖਿਆ ਅਤੇ ਪੰਚਾਇਤ ਅਫਸਰ (ਐੱਸ ਈ ਪੀ ਓ) ਵਜੋਂ ਸਿਫਾਰਸ਼ ਕੀਤੀ ਗਈ ਹੈ।

ਇਸੇ ਤਰ੍ਹਾਂ ਪਠਾਨਕੋਟ ਦੇ ਸ਼ਹੀਦ ਗਨਰ ਸੁਖਦਿਆਲ ਦੀ ਵਿਧਵਾ ਪੱਲਵੀਂ ਸੈਣੀ ਨੇ ਗਰੁੱਪ-ਬੀ ਜਾਂ ਸੀ ਦੀ ਪੋਸਟ ਲਈ ਬੇਨਤੀ ਕੀਤੀ ਸੀ। ਕਮੇਟੀ ਨੇ ਉਸ ਨੂੰ ਕੋਆਪਰੇਟਿਵ ਵਿਭਾਗ ਦੀ ਇੰਸਪੈਕਟਰ ਦੀ ਆਸਾਮੀ ਲਈ ਸਿਫਾਰਸ਼ ਕੀਤੀ ਹੈ। ਤਰਨ ਤਾਰਨ ਦੇ ਸਿਪਾਹੀ ਮਨਦੀਪ ਸਿੰਘ ਦੇ ਭਰਾ ਸ਼ਮਸ਼ੇਰ ਸਿੰਘ ਦੇ ਨਾਂਅ ਦੀ ਸਿਫਾਰਸ਼ ਨਾਇਬ ਤਹਿਸੀਲਦਾਰ ਦੇ ਲਈ ਕੀਤੀ ਗਈ ਹੈ। ਉਸ ਨੇ ਗਰੁੱਪ ਬੀ ਜਾਂ ਸੀ ਦੀ ਨੌਕਰੀ ਦੀ ਬੇਨਤੀ ਕੀਤੀ ਸੀ। ਮੋਗਾ ਦੇ ਸਿਪਾਹੀ ਜਸਪ੍ਰੀਤ ਸਿੰਘ ਦੇ ਭਰਾ ਕੁਲਦੀਪ ਸਿੰਘ ਤੇ ਸੰਗਰੂਰ ਦੇ ਸਿਪਾਹੀ ਮਨਦੀਪ ਸਿੰਘ ਦੇ ਭਰਾ ਜਗਦੀਪ ਸਿੰਘ ਦੇ ਨਾਵਾਂ ਦੀ ਸਿਫਾਰਸ਼ ਪੁਲਸ ਦੇ ਕਾਂਸਟੇਬਲ ਵਜੋਂ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਦੀ ਵਿਦਿਅਕ ਯੋਗਤਾ ਸੈਕੰਡਰੀ ਪੱਧਰ ਦੀ ਹੈ। ਇਨ੍ਹਾਂ ਸਾਰਿਆਂ ਨੇ ਜੰਮੂ ਅਤੇ ਕਸ਼ਮੀਰ ਵਿੱਚ ਦਹਿਸ਼ਤਗਰਦਾਂ ਵਿਰੁੱਧ ਵੱਖ-ਵੱਖ ਆਪਰੇਸ਼ਨਾਂ ਦੌਰਾਨ ਆਪਣੀਆਂ ਜਾਨਾਂ ਵਾਰੀਆਂ ਹਨ।

# ਜਾਅਲੀ ਬੈਂਕ ਖਾਤਾ ਕੇਸ ਵਿੱਚ ਜ਼ਰਦਾਰੀ ਦੀ ਭੈਣ ਵੀ ਗ੍ਰਿਫਤਾਰ



ਇਸਲਾਮਾਬਾਦ, 16 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਪਿਛਲੇ ਸੋਮਵਾਰ ਨੂੰ ਗ੍ਰਿਫਤਾਰ ਕੀਤੇ ਜਾਣ ਪਿੱਛੋਂ ਉਨ੍ਹਾਂ ਦੀ ਭੈਣ ਫਰਯਾਲ ਤਾਲਪੁਰ ਨੂੰ ਵੀ ਏਸੇ ਕੇਸ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਪਾਕਿਸਤਾਨੀ ਮੀਡੀਆ ਨੇ ਇਸ ਦੀ ਪੁਸ਼ਟੀ ਕੀਤੀ ਹੈ। ਦੋਵਾਂ ਭੈਣ-ਭਰਾ ਨੂੰ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਨੇ ਓਦੋਂ ਗ੍ਰਿਫਤਾਰ ਕੀਤਾ, ਜਦੋਂ ਦੋਵਾਂ ਦੀ ਜ਼ਮਾਨਤ ਅਰਜ਼ੀ ਰੱਦ ਹੋ ਗਈ ਸੀ। ਇਸਲਾਮਾਬਾਦ ਹਾਈ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਤੋਂ ਨਾਂਹ ਕਰਦੇ ਹੋਏ ਦੋਵਾਂ ਦੀ ਗ੍ਰਿਫਤਾਰੀ ਲਈ ਕਾਨੂੰਨ ਏਜੰਸੀਆਂ ਨੂੰ ਖੁੱਲ੍ਹ ਦੇ ਦਿੱਤੀ ਸੀ।

ਅਸਲ ਵਿੱਚ ਪੂਰਾ ਮਾਮਲਾ ਸਾਢੇ ਚਾਰ ਬਿਲੀਅਨ ਪਾਕਿਸਤਾਨੀ ਰੁਪਏ ਦੇ ਘਪਲੇ ਦਾ ਹੈ। ਜਸਟਿਸ ਅਮੀਰ ਫਾਰੂਖ ਅਤੇ ਜਸਟਿਸ ਮੋਹਸਿਨ ਅਖਤਾਰ ਕਿਆਨੀ ਦੀ ਬੈਂਚ ਇਸ ਫਰਜ਼ੀ ਬੈਂਕ ਅਕਾਊਂਟ ਕੇਸ ਵਿੱਚ ਦੋਵਾਂ ਦੀ ਜ਼ਮਾਨਤ ਅਰਜ਼ੀ ਦੀ ਸੁਣਵਾਈ ਕਰ ਰਹੀ ਹੈ। ਬੀਤੇ ਮਹੀਨੇ ਇਸੇ ਕੇਸ ਦੀ ਸੁਣਵਾਈ ਵੇਲੇ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਓਦੋਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਛੇ ਕੇਸਾਂ ਵਿਚ ਜ਼ਮਾਨਤ ਮਿਲੀ ਸੀ।

ਆਸਿਫ ਅਲੀ ਜ਼ਰਦਾਰੀ ਅਤੇ ਉਸ ਦੀ ਭੈਣ ਫਰਯਾਲ ਤਾਲਪੁਰ ਉੱਤੇ ਪਾਕਿਸਤਾਨ ਤੋਂ ਪੈਸਾ ਬਾਹਰ ਭੇਜਣ ਲਈ ਜਾਅਲੀ ਬੈਂਕ ਅਕਾਊਂਟ ਚਲਾਉਣ ਤੇ ਇਸ ਨਾਲ 15 ਕਰੋੜ ਦਾ ਲੈਣ ਦੇਣ ਕਰਨ ਦਾ ਦੋਸ਼ ਹੈ। ਐੱਨ ਏ ਬੀ ਨੇ ਸੋਮਵਾਰ ਨੂੰ ਉਨ੍ਹਾਂ ਦਾ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ ਅਤੇ ਇਸ ਪਿੱਛੋਂ ਪੁਲਸ ਨਾਲ ਐੱਨ ਏ ਬੀ ਟੀਮ ਐਫ-8 ਸੈਕਟਰ ਵਿਚ ਉਨ੍ਹਾਂ ਦੇ ਘਰ ਗਈ ਸੀ। ਐੱਨ ਏ ਬੀ ਦਾ ਦਾਅਵਾ ਹੈ ਕਿ ਘੱਟੋ-ਘੱਟ 8 ਕੇਸਾਂ ਵਿਚ ਜ਼ਰਦਾਰੀ ਤੇ ਉਨ੍ਹਾਂ ਦੀ ਭੈਣ ਫਰਯਾਲ ਦੀ ਭੂਮਿਕਾ ਸਾਬਤ ਹੁੰਦੀ ਹੈ। ਇਸ ਤੋਂ ਪਹਿਲਾਂ ਐੱਨ ਏ ਬੀ ਵੱਲੋਂ ਅਦਾਲਤ ਨੂੰ 11 ਸਫੇ ਦੀ ਰਿਪੋਰਟ ਦਿੱਤੀ ਗਈ ਸੀ, ਜਿਸ ਦੇ ਮੁਤਾਬਕ 36 ਕੇਸਾਂ ਵਿਚ ਪਾਕਿ-ਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ 63 ਸਾਲਾ ਸਹਿ-ਪ੍ਰਧਾਨ ਜ਼ਰਦਾਰੀ ਦਾ ਨਾਂ ਆਉਂਦਾ ਹੈ। ਅਦਾਲਤ ਨੇ ਓਦੋਂ ਆਸਿਫ ਅਲੀ ਜ਼ਰਦਾਰੀ ਨੂੰ ਮਨੀ ਲਾਂਡਰਿੰਗ ਕੇਸ ਵਿਚ 30 ਮਈ ਤੱਕ ਦੀ ਅੰਤਰਿਮ ਜ਼ਮਾਨਤ ਦਿੱਤੀ ਸੀ। ਉਨ੍ਹਾਂ ਨੂੰ ਓਪਲ 225 ਜਾਇਦਾਦ ਦੇ ਕੇਸ ਵਿਚ ਵੀ 12 ਜੂਨ ਤੱਕ ਅੰਤਰਿਮ ਜ਼ਮਾਨਤ ਮਿਲ ਗਈ ਸੀ। ਇਹ ਜ਼ਰਦਾਰੀ ਪਰਿਵਾਰ ਦੀ ਜਾਇਦਾਦ ਹੈ ਤੇ ਇਸ ਬਾਰੇ 5,00,000 ਰੁਪਏ ਦਾ ਬਾਂਡ ਭਰਨ ਦਾ ਹੁਕਮ ਹੋਇਆ ਸੀ। ਉਨ੍ਹਾਂ ਨੂੰ ਪਾਰਕ ਲੇਨ ਜਾਂਚ ਕੇਸ ਵਿਚ ਵੀ 12 ਜੂਨ ਤੱਕ ਦੀ ਅੰਤਰਿਮ ਜ਼ਮਾਨਤ ਦਿੱਤੀ ਗਈ ਹੈ।

# ਸੂਰਤ ਦੇ ਡਾਕਟਰ ਨੇ ਪਤਨੀ ਨਾਲ ਦਾਜ ਵਿੱਚ ਨੌਕਰਾਣੀ ਮੰਗੀ

* ਪਤਨੀ ਦੀ ਸ਼ਿਕਾਇਤ ਉੱਤੇ ਕੇਸ ਦਰਜ

ਅਹਿਮਦਾਬਾਦ, 16 ਜੂਨ (ਪੋਸਟ ਬਿਊਰੋ)- ਆਮ ਤੌਰ ਉਤੇ ਦਾਜ ਵਿੱਚ ਰੁਪਏ, ਮੋਟਰ ਸਾਈਕਲ, ਕਾਰ ਅਤੇ ਜ਼ਰੂਰੀ ਸਾਮਾਨ ਦਿੱਤਾ ਜਾਂਦਾ ਹੈ, ਪਰ ਗੁਜਰਾਤ ਦੇ ਇੱਕ ਡਾਕਟਰ ਨੇ ਦਾਜ ਵਿੱਚ ਪਤਨੀ ਤੋਂ ਨੌਕਰਾਣੀ ਮੰਗ ਲਈ। ਇਸ ਕਾਰਨ ਮਹਿਲਾ ਨੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।



ਬੀਤੇ ਜਨਵਰੀ 2018 ਵਿੱਚ ਅਹਿ-ਮਦਾਬਾਦ ਦੀ ਡਾਕਟਰ ਸ਼ਵੇਤਾਬੇਨ ਦਾ ਵਿਆਹ ਸੂਰਤ ਦੇ ਡਾਕਟਰ ਆਸ਼ੀਸ਼ ਪਟੇਲ ਨਾਲ ਹੋਇਆ ਸੀ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸ਼ਵੇਤਾ ਨੇ ਕਿਹਾ, ਵਿਆਹ ਦੇ ਬਾਅਦ ਉਸ ਨੂੰ ਸਹੁਰੇ ਘਰ ਵਿਚ ਸਰੀਰਕ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਘਰ ਵਿੱਚ ਨੌਕਰਾਣੀ ਵਾਂਗ ਵਤੀਰਾ ਕੀਤਾ ਜਾਂਦਾ ਸੀ। ਸੱਸ ਕਹਿੰਦੀ ਹੈ ਕਿ ਡਾਕਟਰ ਹੈ ਤਾਂ ਕੀ ਹੋਇਆ, ਘਰ ਦਾ ਪੂਰਾ ਕੰਮ ਕਰ ਕੇ ਨੌਕਰੀ 'ਤੇ ਜਾਣਾ ਹੋਵੇਗਾ। ਕੰਮ ਦੇ ਬਾਅਦ ਆਰਾਮ ਤੱਕ ਨਹੀਂ ਕਰਨ ਦਿੰਦੇ ਸਨ। ਪੇਕੇ ਜਾਣ ਦੀ ਗੱਲ 'ਤੇ ਕਿਹਾ ਜਾਂਦਾ ਹੈ ਕਿ ਤੂੰ ਜਾਏਂਗੀ ਤਾਂ ਘਰ ਦਾ ਕੰਮ ਕੌਣ ਕਰੇਗਾ? ਇਸ ਪਿੱਛੋਂ ਪਤੀ ਨੇ ਜੂਨ 2018 ਵਿੱਚ ਮੈਨੂੰ ਪੇਕੇ ਭੇਜ ਕੇ ਮੇਰੇ ਪਿਤਾ ਨੂੰ ਧਮਕੀ ਦਿੱਤੀ ਕਿ ਬੇਟੀ ਨੂੰ ਏਤੇ ਭੇਜਣਾ ਹੈ ਤਾਂ 25 ਲੱਖ ਰੁਪਏ ਤੇ ਨੌਕਰਾਣੀ ਦੇ ਨਾਲ ਭੇਜਣਾ ਪਵੇਗਾ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਸ ਨੇ ਸ਼ਿਕਾਇਤ ਦਰਜ ਕਰ ਲਈ। ਪੁਲਸ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟੀ ਵੀ ਚੈਨਲਾਂ ਨੂੰ ਪ੍ਰੋਗਰਾਮਾਂ ਦੇ ਨਾਂਅ ਭਾਰਤੀ ਭਾਸ਼ਾਵਾਂ ਵਿੱਚ ਵੀ ਲਿਖਣ ਦਾ ਆਦੇਸ਼ ਜਾਰੀ

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਭਾਰਤੀ ਭਾਸ਼ਾਵਾਂ ਨੂੰ ਬੜ੍ਹਾਵਾ ਦੇਣ ਲਈ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਅੱਜ ਇੱਕ ਵੱਡਾ ਕਦਮ ਚੁੱਕਿਆ ਅਤੇ ਟੀ ਵੀ ਚੈਨਲਾਂ ਲਈ ਹਦਾਇਤਾਂ ਜਾਰੀ ਕੀਤੀਆਂ ਹਨ।

ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲਾ ਨੇ ਅੱਜ ਟੀ ਵੀ ਚੈਨਲਾਂ ਬਾਰੇ ਆਦੇਸ਼ ਜਾਰੀ ਕੀਤਾ ਹੈ, ਜਿਸ ਦਾ ਮਕਸਦ ਭਾਰਤੀ ਭਾਸ਼ਾਵਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਦੱਸਿਆ ਗਿਆ ਹੈ। ਮੰਤਰੀ ਪ੍ਰਕਾਸ਼ ਜਾਵੜੇਕਰ ਦੇ ਐਲਾਨ ਮੁਤਾਬਕ ਸਾਰੇ ਚੈਨਲਾਂ ਨੂੰ ਆਪਣੇ ਪ੍ਰੋਗਰਾਮਾਂ ਦੇ ਟਾਈਟਲ ਭਾਰਤੀ ਭਾਸ਼ਾਵਾਂ ਵਿੱਚ ਦਿਖਾਉਣੇ ਲਾਜ਼ਮੀ ਹੋਣਗੇ। ਟੀ ਵੀ ਚੈਨਲ ਬਾਰੇ ਇਸ ਹੁਕਮ ਬਾਰੇ ਕੇਂਦਰੀ ਸੂਚਨਾ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਵੇਕਰ ਨੇ ਕਿਹਾ ਕਿ ਕੋਈ ਵੀ ਪ੍ਰੋਗਰਾਮ ਪੇਸ਼ ਕੀਤੇ ਜਾਣ ਵੇਲੇ ਟੀ ਵੀ ਚੈਨਲ ਉਸ ਪ੍ਰੋਗਰਾਮ ਦੇ ਸ਼ੁਰੂ ਅਤੇ ਅਖੀਰ ਵਿੱਚ ਬਹੁਤੇ ਟਾਈਟਲ ਅੰਗਰੇਜ਼ੀ ਵਿੱਚ ਲਿਖ ਛੱਡਦੇ ਹਨ। ਭਾਰਤੀ ਭਾਸ਼ਾਵਾਂ ਨੂੰ ਉਤਸ਼ਾਹਤ ਕਰਨ ਲਈ ਸਾਰੇ ਟੀ ਵੀ ਚੈਨਲਾਂ ਨੂੰ ਇਹ ਨਵਾਂ ਭਾਸ਼ਾਈ ਹੁਕਮ ਜਾਰੀ ਕੀਤਾ ਗਿਆ ਅਤੇ ਟੀ ਵੀ ਚੈਨਲਾਂ ਨੂੰ ਆਪਣੇ ਪ੍ਰੋਗਰਾਮ ਦੇ ਸ਼ੁਰੂ ਅਤੇ ਅਖੀਰ ਵਿੱਚ ਟਾਈਟਲ ਨੂੰ ਕਿਸੇ ਭਾਰਤੀ ਭਾਸ਼ਾ ਵਿੱਚ ਦਿਖਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਭਾਰਤੀ ਭਾਸ਼ਾਵਾਂ ਦੀ ਗਿਣਤੀ ਵਿੱਚ ਹਿੰਦੀ, ਬੰਗਲਾ, ਤੇਲੁਗੂ, ਮਲਿਆਲਮ, ਕੰਨੜ, ਪੰਜਾਬੀ, ਗੁਜਰਾਤੀ, ਮਰਾਠੀ, ਉਰਦੂ, ਸੰਸਕ੍ਰਿਤ, ਮੈਥਿਲੀ ਅਤੇ ਸਿੰਧੀ ਸ਼ਾਮਲ ਹਨ।

# ਪੱਤਰਕਾਰ ਉਤੇ ਝੂਠੇ ਦੋਸ਼ਾਂ ਬਾਰੇ ਤਿੰਨਾਂ ਦੇ ਖਿਲਾਫ ਕੇਸ ਦਰਜ

ਸ੍ਰੀ ਮੁਕਤਸਰ ਸਾਹਿਬ, 16 ਜੂਨ (ਪੋਸਟ ਬਿਊਰੋ)- ਹਲਕਾ ਲੰਬੀ ਦੇ ਇਕ ਪੱਤਰਕਾਰ ਦੀ ਝੂਠੇ ਦੋਸ਼ ਲਾ ਕੇ ਬੇਇੱਜ਼ਤੀ ਕਰਨ ਅਤੇ ਡਰਾਉਣ ਦੀ ਘਟਨਾ ਵਾਪਰਨ ਤੋਂ ਇਕ ਮਹੀਨੇ ਪਿੱਛੋਂ ਜ਼ਿਲਾ ਮੁਕਤਸਰ ਦੇ ਪੱਤਰਕਾਰਾਂ ਤੇ ਜਨਤਕ ਸੰਗਠਨਾਂ ਦਾ ਸਖਤ ਰੁਖ਼ ਵੇਖ ਕੇ ਲੰਬੀ ਥਾਣੇ ਦੀ ਪੁਲਸ ਨੇ ਤਿੰਨ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਵਰਨਣ ਯੋਗ ਹੈ ਕਿ ਮੰਡੀ ਕਿੱਲਿਆਂਵਾਲੀ ਤੋਂ ਪੱਤਰਕਾਰ ਇਕਬਾਲ ਸ਼ਾਂਤ ਨੇ ਬਿਨਾਂ ਪਰਮਿਟ ਢੋਆ ਢੁਆਈ ਕਰ ਰਹੇ ਵਾਹਨਾਂ, ਜੋ ਅਦਾਲਤੀ ਹੁਕਮਾਂ ਦੀ ਉਲੰਘਣਾ ਹੈ, ਬਾਰੇ ਇਕ ਖਬਰ ਸੱਤ ਮਈ ਨੂੰ ਛਪਵਾਈ ਸੀ। ਉਸ ਪਿੱਛੋਂ ਅੱਠ ਮਈ ਨੂੰ ਜਦੋਂ ਉਹ ਬਿਨਾਂ ਪਰਮਿਟ ਕਣਕ ਦੀ ਢੋਆ ਢੁਆਈ ਕਰਦੇ ਵਾਹਨਾਂ ਦੇ ਹਾਦਸਾ ਗ੍ਰਸਤ ਹੋਣ ਦੀ ਕਵਰੇਜ ਕਰ ਰਿਹਾ ਸੀ ਤਾਂ ਮੰਡੀ ਕਿੱਲਿਆਂਵਾਲੀ ਦੀ ਟਰੈਕਟਰ ਟਰਾਲੀ ਯੂਨੀਅਨ ਦੇ ਇੱਕ ਆਗੂ ਸਮੇਤ ਕਈ ਵਿਅਕਤੀਆਂ ਨੇ ਸ਼ਾਂਤ ਨੂੰ ਘੇਰ ਕੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਤੇ ਉਸ 'ਤੇ ਬਲੈਕਮੇਲ ਕਰਨ ਦੇ ਦੋਸ਼ਾਂ ਲਾਉਣ ਵਾਲੀ ਇਕ ਵੀਡੀਓ ਵਾਇਰਲ ਕਰ ਦਿੱਤੀ। ਸ਼ਾਂਤ ਨੇ ਇਸ ਬਾਰੇ ਦੀ ਕਿੱਲਿਆਂਵਾਲੀ ਚੌਕੀ ਵਿੱਚ ਲਿਖਤੀ ਸ਼ਿਕਾਇਤ ਦਿੱਤੀ, ਪਰ ਪੁਲਸ ਵੱਲੋਂ ਇਕ ਮਹੀਨਾ ਕਾਰਵਾਈ ਨਾ ਕਰਨ ਉਤੇ ਪੱਤਰਕਾਰ ਤੇ ਜਨਤਕ ਸੰਗਠਨਾਂ ਦੇ ਆਗੂਆਂ ਨੇ ਜ਼ਿਲਾ ਪੁਲਸ ਮੁਖੀ ਮਨਜੀਤ ਸਿੰਘ ਢੇਸੀ ਨੂੰ ਮਿਲ ਕੇ ਸਾਰੇ ਮਾਮਲੇ ਦੀ ਗੰਭੀਰਤਾ ਬਾਰੇ ਦੱਸਿਆ, ਜਿਸ 'ਤੇ ਉਨ੍ਹਾਂ ਕਾਰਵਾਈ ਦੇ ਹੁਕਮ ਦਿੱਤੇ। ਇਸ ਦੇ ਬਾਅਦ ਥਾਣਾ ਲੰਬੀ ਦੀ ਪੁਲਸ ਨੇ ਇਕਬਾਲ ਸਿੰਘ ਵਾਸੀ ਬਨਵਾਲਾ ਅਤੇ ਮੋਦਨ ਸਿੰਘ ਪਿੰਡ ਕਿੱਲਿਆਂਵਾਲੀ ਸਣੇ ਤਿੰਨ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

# ਕਮਾਂਡੋ ਜਵਾਨਾਂ ਨੇ ਸ਼ਹੀਦ ਸਾਥੀ ਦੀ ਭੈਣ ਦੇ ਪੈਰ ਭੁੰਜੇ ਨਹੀਂ ਪੈਣ ਦਿੱਤੇ

* ਹੱਥਾਂ ਦੀਆਂ ਤਲੀਆਂ ਉੱਤੋਂ ਲੰਘਾ ਕੇ ਡੋਲੀ ਤੋਰੀ



ਪਟਨਾ, 16 ਜੂਨ (ਪੋਸਟ ਬਿਊਰੋ)- ਬਿਹਾਰ ਵਿਚ ਹੋਏ ਇਕ ਵਿਆਹ ਦੀ ਸੋਸ਼ਲ ਮੀਡੀਆ ਉੱਤੇ ਖ਼ੂਬ ਚਰਚਾ ਹੋ ਰਹੀ ਹੈ, ਕਿਉਂਕਿ ਇਸ ਵਿਆਹ ਵਿਚ ਜੋ ਕੁਝ ਹੋਇਆ, ਉਹ ਆਪਣੇ ਆਪ ਵਿੱਚ ਮਿਸਾਲ ਹੈ।

ਇਹ ਵਿਆਹ ਜੰਮੂ-ਕਸ਼ਮੀਰ ਵਿੱਚ ਅਪਰੇਸ਼ਨ ਵਿੱਚ ਸ਼ਹੀਦ ਹੋਏ ਗਰੁੜ ਕਮਾਂਡੋ ਜੋਤੀ ਪ੍ਰਕਾਸ਼ ਨਿਰਾਲਾ ਦੀ ਭੈਣ ਦਾ ਸੀ। ਜੋਤੀ ਪ੍ਰਕਾਸ਼ ਨਿਰਾਲਾ ਦੋ ਸਾਲ ਪਹਿਲਾਂ ਇੱਕ ਮੁਕਾਬਲੇ ਵਿੱਚ ਮਾਰੇ ਗਏ ਸਨ। ਘਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਾਰਨ ਨਿਰਾਲਾ ਦੇ ਕਮਾਂਡੋ ਦੋਸਤਾਂ ਨੇ ਇਸ ਵਿਆਹ ਦਾ ਜ਼ਿੰਮਾ ਉਠਾਇਆ ਤੇ ਪੈਸੇ ਇਕੱਠੇ ਕਰਕੇ ਨਿਰਾਲਾ ਦੀ ਭੈਣ ਦਾ ਵਿਆਹ ਧੂਮਧਾਮ ਨਾਲ ਕੀਤਾ। ਇਸ ਮੌਕੇ ਖ਼ਾਸ ਗੱਲ ਇਹ ਸੀ ਕਿ ਜਦੋਂ ਲੜਕੀ ਦੀ ਵਿਦਾਈ ਹੋਣੀ ਸੀ ਤਾਂ ਉਨ੍ਹਾਂ ਦੋਸਤਾਂ ਨੇ ਆਪਣੇ ਸ਼ਹੀਦ ਦੋਸਤ ਦੀ ਭੈਣ ਸ਼ਸ਼ੀ ਕਲਾ ਦੇ ਪੈਰ ਜ਼ਮੀਨ ਉੱਤੇ ਨਹੀਂ ਲੱਗਣ ਦਿੱਤੇ, ਉਸ ਦੇ ਪੈਰਾਂ ਹੇਠਾਂ ਸਾਰੇ ਕਮਾਂਡੋ ਜਵਾਨਾਂ ਨੇ ਅਪਣੇ ਹੱਥਾਂ ਦੀਆਂ ਤਲੀਆਂ ਵਿਛਾ ਦਿੱਤੀਆਂ। ਇਹ ਬਹੁਤ ਹੀ ਯਾਦਗਾਰੀ ਪਲ ਸਨ।

ਜੋਤੀ ਪ੍ਰਕਾਸ਼ ਨਿਰਾਲਾ ਨੇ 18 ਨਵੰਬਰ 2017 ਨੂੰ ਜੰਮੂ-ਕਸ਼ਮੀਰ ਦੇ ਬਾਂਦੀਪੋਰਾ ਜ਼ਿਲੇ ਦੇ ਪਿੰਡ ਚੰਦਰਨਗਰ ਵਿਚ ਇਕੱਲੇ ਨੇ ਤਿੰਨ ਅਤਿਵਾਦੀਆਂ ਨੂੰ ਮਾਰਿਆ ਸੀ। ਇਸ ਮੁਕਾਬਲੇ ਵਿੱਚ ਨਿਰਾਲਾ ਵੀ ਅਤਿਵਾਦੀਆਂ ਦੀ ਗੋਲੀ ਲੱਗਣ ਨਾਲ ਜਾਨ ਵਾਰ ਗਏ ਸਨ। ਇਸ ਬਹਾਦੁਰੀ ਨਾਲ ਨਿਰਾਲਾ ਏਅਰ ਫੋਰਸ ਦੇ ਪਹਿਲੇ ਅਜਿਹੇ ਜਵਾਨ ਬਣੇ, ਜਿਨ੍ਹਾਂ ਨੂੰ ਗਰਾਊਂਡ ਅਪਰੇਸ਼ਨ ਲਈ ਮਰਨ ਉਪਰੰਤ ਅਸ਼ੋਕ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ।






# ਸਰਾਂ ਵਿੱਚ ਰੁਕੀ ਹੋਈ ਲੜਕੀ ਨਾਲ ਸ਼੍ਰੋਮਣੀ ਕਮੇਟੀ ਮੁਲਾਜ਼ਮ ਵੱਲੋਂ ਛੇੜਛਾੜ ਦੀ ਸ਼ਿਕਾਇਤ

ਅੰਮ੍ਰਿਤਸਰ, 16 ਜੂਨ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨੂੰ ਆਉਂਦੀ ਸੰਗਤ ਦੇ ਆਰਾਮ ਲਈ ਬਣੀ ਸ੍ਰੀ ਗੁਰੂ ਅਰਜੁਨ ਦੇਵ ਸਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਇੱਕ ਕੱਚੇ ਮੁਲਾਜ਼ਮ ਨੇ ਇੱਕ ਲੜਕੀ ਦੇ ਨਾਲ ਛੇੜਛਾੜ ਕੀਤੀ ਹੈ। ਇਸ ਦੀ ਸ਼ਿਕਾਇਤ ਕੀਤੇ ਜਾਣ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਉਸ ਕਰਮਚਾਰੀ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਏ ਐੱਸ ਆਈ ਭੁਪਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਪਤਾ ਲੱਗਾ ਹੈ ਕਿ ਲੁਧਿਆਣਾ ਤੋਂ ਆਏ ਇੱਕ ਪਰਵਾਰ ਵੱਲੋਂ ਸ੍ਰੀ ਹਰਿ-ਮੰਦਰ ਸਾਹਿਬ ਵਿੱਚ ਅਖੰਡ ਪਾਠ ਰਖਵਾਏ ਗਏ ਹਨ। ਕੱਲ੍ਹ ਰਾਤ ਜਦ ਪਰਵਾਰ ਦੇ ਮੈਂਬਰ ਦੇਰੀ ਨਾਲ ਸਰਾਂ ਵਿੱਚ ਅਲਾਟ ਹੋਏ ਕਮਰੇ ਵਿੱਚ ਪਹੁੰਚੇ ਤਾਂ ਉਥੇ ਆਪਣੀ ਬੇਟੀ ਨੂੰ ਨਾ ਦੇਖ ਕੇ ਉਸ ਨੂੰ ਲੱਭਣ ਲੱਗੇ। ਉਨ੍ਹਾਂ ਨੇ ਸਰਾਂ ਵਿੱਚ ਇੱਕ ਜਗ੍ਹਾ ਐੱਸ ਜੀ ਪੀ ਸੀ ਦੇ ਇੱਕ ਕੱਚੇ ਮੁਲਾਜ਼ਮ ਨੂੰ ਲੜਕੀ ਦੇ ਨਾਲ ਛੇੜਛਾੜ ਕਰਦੇ ਦੇਖ ਕੇ ਰੌਲਾ ਪਾਇਆ ਤਾਂ ਹੋਰ ਲੋਕ ਵੀ ਇਕੱਠੇ ਹੋ ਗਏ। ਉਹ ਦੋਸ਼ੀ ਨੂੰ ਫੜ ਕੇ ਐਸ ਜੀ ਪੀ ਸੀ ਦੇ ਅਧਿਕਾਰੀਆਂ ਦੇ ਕੋਲ ਲੈ ਗਏ। ਇਸ ਦੇ ਬਾਅਦ ਐੱਸ ਜੀ ਪੀ ਸੀ ਦੇ ਐਡੀਸ਼ਨ ਮੈਨੇਜਰ ਪਰਮਜੀਤ ਸਿੰਘ ਨੇ ਦੋਸ਼ੀ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣੀ ਗਲਤੀ ਮੰਨ ਲਈ। ਫਿਰ ਉਸ ਨੂੰ ਸ੍ਰੀ ਹਰਿਮੰਦਰ ਸਾਹਿਬ ਗਲਿਆਰਾ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਦੱਸਿਆ ਕਿ ਕੱਲ੍ਹ ਦੇਰ ਸ਼ਾਮ ਦੋਸ਼ੀ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਹਨ।




# ਸੰਪਾਦਕੀ

## ‘ਐਨਡੀਪੀ’ ਪਲੇਟਫਾਰਮ : ਨਵੀਆਂ ਗੱਲਾਂ ਨਵੇਂ ਵਾਅਦੇ

ਜੇ ਲੀਹ ਤੋਂ ਹੱਟ ਕੇ ਗੱਲ ਕਰਨ ਨਾਲ ਸਫ਼ਲਤਾ ਹਾਸਲ ਹੋਣ ਦੇ ਆਸਾਰ ਬਣਦੇ ਹੋਣ ਤਾਂ ਐਨ ਡੀ ਪੀ ਆਗੂ ਵੱਲੋਂ ਇਸ ਵੀਕਐਂਡ ਰੀਲੀਜ਼ ਕੀਤਾ ਗਿਆ ਪਾਰਟੀ ਪਲੇਟਫਾਰਮ ਸਫ਼ਲਤਾ ਦੇ ਖਰੜੇ ਤੋਂ ਘੱਟ ਨਹੀਂ ਹੈ। ਪਿਛਲੀਆਂ ਰਿਵਾਇਤਾਂ ਤੋਂ ਹੱਟ ਉਂਟੇਰੀਓ ਐਨ ਡੀ ਪੀ ਦੀ ਹੈਮਿਲਟਨ ਵਿੱਚ ਹੋ ਰਹੀ ਸਾਲਾਨਾ ਕਨਵੈਨਸ਼ਨ ਦੌਰਾਨ ਫੈਡਰਲ ਐਨ ਡੀ ਪੀ ਦਾ ਪਲੇਟਫਾਰਮ ਐਲਾਨਿਆ ਗਿਆ। ਹੋ ਸਕਦਾ ਹੈ ਕਿ ਪਾਰਟੀ ਲੀਡਰ ਜਗਮੀਤ ਸਿੰਘ ਦੇ ਸਿਆਸੀ ਕੈਰੀਅਰ ਦਾ ਆਰੰਭ ਉਂਟੇਰੀਓ ਸਿਆਸਤ ਤੋਂ ਹੋਣ ਕਾਰਣ, ਉਹ ਬ੍ਰਿਟਿਸ਼ ਕੋਲੰਬੀਆ ਚਲੇ ਜਾਣ ਦੇ ਬਾਵਜੂਦ ਵੀ ਇਸ ਪ੍ਰੋਵਿੰਸ ਵਿੱਚ ਸੌਖਾ ਅਤੇ ਘਰ ਵਰਗਾ ਮਾਹੌਲ ਮਹਿਸੂਸ ਕਰਦੇ ਹਨ। ਪਲੇਟਫਾਰਮ ਵਿੱਚ ਲੀਹ ਤੋਂ ਹੱਟ ਕੇ ਵੱਡਾ ਤੱਥ ਇਹ ਹੈ ਕਿ 2015 ਵਿੱਚ ਤਤਕਾਲੀ ਪਾਰਟੀ ਲੀਡਰ ਥੋਮਸ ਮੁਲਕੇਅਰ ਨੇ ਜਿੱਥੇ ਜ਼ੀਰੋ ਡਾਲਰ ਘਾਟੇ ਦੇ ਬੱਜਟ ਦਾ ਵਾਅਦਾ ਕੀਤਾ ਸੀ, ਜਗਮੀਤ ਸਿੰਘ ਸਰਕਾਰ ਬਣਨ ਦੀ ਸੂਰਤ ਵਿੱਚ ਲਗਾਤਾਰ ਅਗਲੇ ਸਾਲਾਂ ਵਿੱਚ ਘਾਟੇ ਦੇ ਬਜੱਟ ਦੀ ਤਜ਼ਵੀਜ ਰੱਖ ਰਹੇ ਹਨ।

ਘਾਟੇ ਦਾ ਬੱਜਟ ਇਸ ਲਈ ਹੈ ਕਿਉਂਕਿ ਜਗਮੀਤ ਸਿੰਘ ਫੈਡਰਲ ਸਰਕਾਰ ਵੱਲੋਂ ਕੈਨੇਡਾ ਭਰ ਵਿੱਚ ਹਰ ਕਿਸਮ ਦੀ ਸਿਹਤ ਸੇਵਾ ਮੁਫ਼ਤ ਮੁਹਈਆ ਕਰਨ ਦਾ ਵਾਅਦਾ ਕਰ ਰਹੇ ਹਨ। ਕਿਉਂਕਿ ਇਤਿਹਾਸਕ ਰੂਪ ਵਿੱਚ ਐਨ ਡੀ ਪੀ ਅਤੇ ਲਿਬਰਲ ਇੱਕ ਦੂਜੇ ਨਾਲ ਮੁਕਾਬਲਾ ਰੱਖ ਕੇ ਪਲੇਟਫਾਰਮ ਪੇਸ਼ ਕਰਨ ਦੀਆਂ ਆਦੀ ਹਨ, ਜਗਮੀਤ ਸਿੰਘ ਦਾ ਪਲੇਟਫਾਰਮ ਵੀ ਟੌਪ ਦੀ ਆਮਦਨ ਵਾਲੇ 1% ਅਮੀਰ ਕੈਨੇਡੀਅਨਾਂ ਉੱਤੇ ਵੱਧ ਟੈਕਸ ਲਾਉਣ ਅਤੇ ਸਾਲ 2020 ਵਿੱਚ ਯੂਨੀਵਰਸਲ ਹੈਲਥਕੇਅਰ ਲਾਗੂ ਕਰਨ ਦੀ ਗੱਲ ਕਰਦਾ ਹੈ। ਵਰਨਣਯੋਗ ਹੈ ਕਿ ਲਿਬਰਲ ਪਾਰਟੀ ਵੱਲੋਂ ਯੂਨੀਵਰਸਲ ਹੈਲਥ ਕੇਅਰ ਵਾਸਤੇ ਉਂਟੇਰੀਓ ਦੇ ਸਾਬਕਾ ਸਿਹਤ ਮੰਤਰੀ ਡਾਕਟਰ ਐਰਿਕ ਹੌਸਕਿਨਸ ਵੱਲੋਂ ਤਿਆਰ ਯੋਜਨਾ ਨੂੰ ਪੜਾਅ ਦਰ ਪੜਾਅ ਲਾਗੂ ਕਰਨ ਦਾ ਵਾਅਦਾ ਚੰਦ ਦਿਨ ਪਹਿਲਾਂ ਕੀਤਾ ਗਿਆ ਹੈ। ਐਨ ਡੀ ਪੀ ਆਪਣੀ ਯੋਜਨਾ ਨੂੰ ਕਿਸ ਸਟੱਡੀ ਅਤੇ ਕਿਹਨਾਂ ਤੱਥਾਂ ਦੇ ਆਧਾਰ ਉੱਤੇ ਲਾਗੂ ਕਰੇਗੀ, ਇਸ ਬਾਰੇ ਕੋਈ ਖੁਲਾਸਾ ਨਹੀਂ ਦਿੱਤਾ ਗਿਆ ਹੈ। ਐਨਾ ਜਰੂਰ ਹੈ ਕਿ ਐਨ ਡੀ ਪੀ ਡੈਂਟਲ, ਨਜ਼ਰ (ਵਿਜ਼ਨ) ਆਦਿ ਤੋਂ ਲੈ ਕੇ ਮੁਫ਼ਤ ਦਵਾਈਆਂ ਦਾ ਵਾਅਦਾ ਕਰਦੀ ਹੈ ਜਿਸ ਕਾਰਣ ਐਨ ਡੀ ਪੀ ਸਰਕਾਰ ਦੇ ਪਹਿਲੇ ਸਾਲ ਤੋਂ ਹੀ ਬਜੱਟ ਵਿੱਚ 10 ਬਿਲੀਅਨ ਡਾਲਰ ਘਾਟਾ ਵਿਖਾਇਆ ਜਾਵੇਗਾ।

ਐਨ ਡੀ ਪੀ ਦੇ ਪਲੇਟਫਾਰਮ ਵਿੱਚ ‘ਗਰਭਪਾਤ’ ਦੇ ਮੁੱਦੇ ਉੱਤੇ ਲਿਬਰਲ ਪਾਰਟੀ ਨਾਲੋਂ ਵੀ ਵੱਧ ਕੇ ਗੱਲ ਕੀਤੀ ਗਈ ਹੈ। ਪਲੇਟਫਾਰਮ ਵਿੱਚ ਡਰਾਬਾ ਦਿੱਤਾ ਗਿਆ ਹੈ ਕਿ ਜਿਹੜੇ ਪ੍ਰੋਵਿੰਸ ਗਰਭਪਾਤ ਦੇ ਮੁੱਦੇ ਉੱਤੇ ਪੈਰ ਪਿਛਾਂਹ ਖਿੱਚਣਗੇ, ਉਹਨਾਂ ਨੂੰ ਫੈਡਰਲ ਸਰਕਾਰ ਤੋਂ ਮਿਲਣ ਵਾਲੇ ਸਿਹਤ ਡਾਲਰ ਜਾਰੀ ਨਹੀਂ ਕੀਤੇ ਜਾਣਗੇ। ਹੋ ਸਕਦਾ ਹੈ ਕਿ ਕੈਨੇਡਾ ਦੇ ਐਥਨਿਕ/ਧਾਰਮਿਕ ਭਾਈਚਾਰਿਆਂ (ਸਿੱਖ, ਹਿੰਦੂਆਂ, ਮੁਸਲਮਾਨ, ਈਸਾਈਆਂ ਆਦਿ) ਦੇ ਧਾਰਮਿਕ ਵਿਸ਼ਵਾਸ਼ਾਂ ਕਾਰਣ ਗਰਭਪਾਤ ਦੇ ਮੁੱਦੇ ਉੱਤੇ ਐਨ ਡੀ ਪੀ ਨਾਲ ਮੱਤਭੇਦ ਹੋਣ ਪਰ ਮੁੱਖ ਧਾਰਾ ਵਿੱਚ ਇਸਦੇ ਕਾਫ਼ੀ ਮਕਬੂਲ ਹੋਣ ਦੀ ਸੰਭਾਵਨਾ ਹੈ।

ਇਹ ਕੋਈ ਨਵੀਂ ਗੱਲ ਨਹੀਂ ਕਿ ਜਗਮੀਤ ਸਿੰਘ ਖੁਦ ਬੇਹੱਦ ਮਹਿੰਗੇ ਅਤੇ ਸੋਹਣੇ ਸੂਟ ਬੂਟ ਪਾਉਣ ਲਈ ਜਾਣੇ ਜਾਂਦੇ ਹਨ ਪਰ ਉਹ ਐਨ ਡੀ ਪੀ ਨੂੰ ਗਰੀਬਾਂ ਦੀ ਪਾਰਟੀ ਵਜੋਂ ਪੇਸ਼ ਕਰਨ ਲਈ ਖ਼ੂਬ ਉਤਾਵਲੇ ਜਾਪਦੇ ਹਨ। ਗੀਰਬਾਂ ਦੇ ਹੱਕ ਦੀ ਗੱਲ ਕਰਦੇ ਹੋਏ ਉਹਨਾਂ ਨੇ 5 ਲੱਖ ਕੈਨੇਡੀਅਨਾਂ ਦੀ ਮਕਾਨਾਂ ਤੱਕ ਪਹੁੰਚ ਬਣਾਉਣ ਵਾਸਤੇ ਅਗਲੇ ਦੋ ਸਾਲਾਂ ਵਿੱਚ 5 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਵਾਅਦਾ ਕੀਤਾ ਹੈ। ਰੋਚਕ ਗੱਲ ਇਹ ਵੀ ਹੈ ਕਿ ਐਨ ਡੀ ਪੀ ਪਲੇਟਫਾਰਮ ਦਾ ਨਾਮ “New Deal for People” ਹੈ ਜਿਸਦਾ ਛੋਟਾ ਰੂਪ (Acronym) ਵੀ ‘ਐਨ ਡੀ ਪੀ’ ਹੀ ਬਣਦਾ ਹੈ।

ਐਨ ਡੀ ਪੀ ਦੀ ਇਸ ਗੱਲੋਂ ਸਿਫ਼ਤ ਕਰਨੀ ਬਣਦੀ ਹੈ ਕਿ 109 ਪੰਨਿਆਂ ਦਾ ਪਲੇਟਫਾਰਮ ਜਾਰੀ ਕਰਕੇ ਇਸਨੇ ਹੋਰ ਪਾਰਟੀਆਂ ਨਾਲੋਂ ਪਹਿਲ ਹਾਸਲ ਕੀਤੀ ਹੈ। ਕੈਨੇਡਾ ਦਾ ਇਤਿਹਾਸ ਦੱਸਦਾ ਹੈ ਕਿ ਫੈਡਰਲ ਪੱਧਰ ਉੱਤੇ ਐਨ ਡੀ ਪੀ ਹਾਲੇ ਤੱਕ ਕਦੇ ਵੀ ਸੱਤਾ ਵਿੱਚ ਨਹੀਂ ਆਈ ਪਰ ਤਾਂ ਵੀ ਇਸ ਪਲੇਟਫਾਰਮ ਦੀ ਅਹਿਮੀਅਤ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਵਿਸ਼ੇਸ਼ ਕਰਕੇ ਜੇ ਅਕਤੂਬਰ ਵਿੱਚ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਬਣਨ ਦੇ ਆਸਾਰ ਬਣਦੇ ਹਨ ਤਾਂ ਲਿਬਰਲਾਂ ਲਈ ਐਨ ਡੀ ਪੀ ਦਾ ਸਮਰੱਥਨ ਲੈਣਾ ਲਾਜ਼ਮੀ ਹੋ ਜਾਵੇਗਾ। ਉਸ ਹਾਲਤ ਵਿੱਚ ਐਨ ਡੀ ਪੀ ਵੱਲੋਂ ਆਪਣੇ ਪਲੇਟਫਾਰਮ ਦੀਆਂ ਕਈ ਗੱਲਾਂ ਨੂੰ ਲਾਗੂ ਕਰਵਾਉਣ ਲਈ ਜੋਰ ਪਾਇਆ ਜਾਣਾ ਸੁਭਾਵਿਕ ਹੈ।

## ਨੈਸ਼ਨਲ ਡਰੱਗ ਯੋਜਨਾ ਰਾਹੀਂ ਐਨਡੀਪੀ ਨੇ ਯੂਨੀਵਰਸਲ ਹੈਲਥ ਕੇਅਰ ਦੇ ਪਸਾਰ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਐਨਡੀਪੀ ਦੀ ਨੀਤੀ ਨੂੰ ਅੱਜ ਨਵੇਂ ਵਾਅਦਿਆਂ ਵਾਲੇ ਦਸਤਾਵੇਜ਼ ਰਾਹੀਂ ਪਰੋਸਿਆ ਗਿਆ। ਇਸ ਨੂੰ ਲੋਕਾਂ ਲਈ ਨਵੀਂ ਡੀਲ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਹੈਮਿਲਟਨ ਵਿੱਚ ਓਨਟਾਰੀਓ ਐਨਡੀਪੀ ਦੇ ਹੋਏ ਇਜਲਾਸ ਵਿੱਚ ਇਸ ਦਾ ਖੁਲਾਸਾ ਕੀਤਾ ਗਿਆ।
ਐਤਵਾਰ ਸਵੇਰੇ ਇਜਲਾਸ ਵਿੱਚ ਦਿੱਤੇ ਜਾਣ ਵਾਲੇ ਭਾਸ਼ਣ ਤੋਂ ਪਹਿਲਾਂ ਮੀਡੀਆ ਸਾਹਮਣੇ ਕੀਤੀ ਟਿੱਪਣੀ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਇਸ ਪਲੈਨ ਨਾਲ ਉਨ੍ਹਾਂ ਪਰਿਵਾਰਾਂ ਦਾ ਬਚਾਅ ਹੋਵੇਗਾ ਜਿਨ੍ਹਾਂ ਕੋਲ ਸਾਲਾਨਾ 550 ਡਾਲਰ ਦੀ ਇੰਸ਼ੋਰੈਂਸ ਕਵਰੇਜ ਹੈ।


## ਟਰਾਂਸ ਮਾਊਨਟੇਨ ਪਾਈਪਲਾਈਨ ਦੀ ਹੋਣੀ ਬਾਰੇ ਕੈਬਨਿਟ ਭਲਕੇ ਕਰੇਗੀ ਫੈਸਲਾ

...ਪੰਨਾ 1 ਦਾ ਬਾਕੀ

ਦੇ ਪੈਣ ਵਾਲੇ ਅਸਰ ਉੱਤੇ ਗੌਰ ਕਰਨ ਦੀ ਤਾੜਨਾ ਕੀਤੀ ਸੀ। ਕੁਦਰਤੀ ਵਸੀਲਿਆਂ ਬਾਰੇ ਮੰਤਰੀ ਅਮਰਜੀਤ ਸੋਹੀ ਨੇ ਪਿਛਲੇ ਹਫਤੇ ਆਖਿਆ ਕਿ 117 ਪ੍ਰਭਾਵਿਤ ਮੂਲਵਾਸੀ ਕਮਿਊਨਿਟੀਜ ਨਾਲ ਇਸ ਸਬੰਧੀ ਸਲਾਹ ਮਸ਼ਵਰਾ ਜੂਨ ਦੇ ਸੁਰੂ ਵਿੱਚ ਹੀ ਮੁਕੰਮਲ ਕਰ ਲਿਆ ਗਿਆ ਹੈ। ਇਸ ਲਈ ਹੁਣ 18 ਜੂਨ ਨੂੰ ਕੈਬਨਿਟ ਵੱਲੋਂ ਇਸ ਸਬੰਧੀ ਫਾਈਨਲ ਫੈਸਲਾ ਲੈਣ ਲਈ ਰਾਹ ਪੱਧਰਾ ਹੋ ਚੁੱਕਿਆ ਹੈ। ਇਸ ਪਾਈਪਲਾਈਨ ਦੇ ਪਸਾਰ ਨਾਲ 66 ਸਾਲ ਪੁਰਾਣੀ ਇਸ ਪਾਈਪਲਾਈਨ ਨੂੰ ਦੂਹਰਾ ਕੀਤਾ ਜਾਵੇਗਾ। ਇਹ ਪਾਈਪਲਾਈਨ ਐਡਮੰਟਨ ਤੋਂ ਬਰਨਾਬੀ, ਬੀਸੀ ਦੇ ਮਰੀਨ ਟਰਮੀਨਲ ਤੱਕ ਜਾਂਦੀ ਹੈ। ਇਸ ਰਾਹੀਂ ਪਾਈਪਲਾਈਨ ਦੀ ਸਮਰੱਥਾ ਇੱਕ ਦਿਨ ਵਿੱਚ ਤੇਲ ਲਿਜਾਣ ਵਾਸਤੇ ਤਿੱਗੁਣੀ ਵੱਧ ਕੇ 890,000 ਬੈਰਲ ਪ੍ਰਤੀ ਦਿਨ ਹੋ ਜਾਵੇਗੀ।
ਟਰਾਂਸ ਮਾਊਨਟੇਨ ਕਾਰਪੋਰੇਸ਼ਨ ਵੱਲੋਂ ਕੀਤੇ ਗਏ ਦਾਅਵੇ ਅਨੁਸਾਰ ਪਹਿਲੇ 20 ਸਾਲਾਂ ਵਿੱਚ ਇਸ ਪਸਾਰ ਕਾਰਨ ਆਰਥਿਕ ਫਾਇਦਾ 46.7 ਬਿਲੀਅਨ ਡਾਲਰ ਤੋਂ ਵੀ ਵੱਧ ਹੋਵੇਗਾ। ਹਾਲਾਂਕਿ ਸੋਹੀ ਤੇ ਵਿੱਤ ਮੰਤਰੀ ਬਿੱਲ ਮੌਰਨਿਊ ਵੱਲੋਂ ਪਿਛਲੇ ਹਫਤੇ ਇਹ ਗੱਲ ਜ਼ੋਰ ਦੇ ਕੇ ਆਖੀ ਗਈ ਸੀ ਕਿ ਇਸ ਬਾਰੇ ਕੋਈ ਫੈਸਲਾ ਹਾਲ ਦੀ ਘੜੀ ਨਹੀਂ ਲਿਆ ਗਿਆ ਹੈ ਪਰ ਸੋਹੀ ਨੇ ਪ੍ਰਸ਼ਨ ਕਾਲ ਦੌਰਾਨ ਸ਼ੁੱਕਰਵਾਰ ਨੂੰ ਇਸ ਬਾਰੇ ਹਿੰਟ ਦਿੱਤਾ ਸੀ ਕਿ ਇਹ ਪ੍ਰੋਜੈਕਟ ਅੱਗੇ ਵਧਾਇਆ ਜਾਵੇਗਾ।

## ਦੁਬਈ ਦੀ ਸਕੂਲ ਬੱਸ ਵਿੱਚ ਬੰਦ ਰਹਿ ਗਏ ਭਾਰਤੀ ਬੱਚੇ ਦੀ ਮੌਤ

ਦੁਬਈ, 16 ਜੂਨ, (ਪੋਸਟ ਬਿਊਰੋ)- ਇੱਥੇ ਕਈ ਘੰਟਿਆਂ ਤਕ ਇੱਕ ਸਕੂਲ ਬੱਸ ਵਿੱਚ ਬੰਦ ਰਹਿਣ ਕਾਰਨ ਇੱਕ ਛੇ ਸਾਲਾ ਬੱਚੇ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਮੁਤਾ-ਬਕ ਭਾਰਤ ਦੇ ਕੇਰਲ ਦਾ ਕਹਿਣ ਵਾਲਾ ਬੱਚਾ ਮੁਹੰਮਦ ਫਰਹਾਨ ਫੈਜ਼ਲ ਅਲ ਕੋਜ ਵਿੱਚ ਇਸਲਾਮਿਕ ਕੇਂਦਰ ਵਿੱਚ ਵਿਦਿਆਰਥੀ ਸੀ।
ਜਾਣਕਾਰ ਸੂਤਰਾਂ ਮੁਤਾਬਕ ਉਹ ਕਰਮਾ ਤੋਂ ਬੱਸ ਵਿੱਚ ਬੈਠਾ ਅਤੇ ਬੱਸ ਚੱਲਣ ਵੇਲੇ ਸੌਂ ਗਿਆ ਸੀ। ਸ਼ਨੀਵਾਰ ਨੂੰ ਸਵੇਰੇ 8 ਵਜੇ ਇਸਲਾਮਿਕ ਕੇਂਦਰ ਉੱਤੇ ਸਾਰੇ ਵਿਦਿਆਰਥੀਆਂ ਦੇ ਉਤਰਨ ਪਿੱਛੋਂ ਉਹ ਬੱਸ ਵਿੱਚ ਇਕੱਲਾ ਰਹਿ



ਗਿਆ।ਦੁਬਈ ਪੁਲਿਸ ਨੇ ਖਲੀਜ ਟਾਈਮਜ਼ ਨੂੰ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰ ਬਾਅਦ ਤਿੰਨ ਵਜੇ ਇਸ ਘਟਨਾ ਬਾਰੇ ਜਾਣਕਾਰੀ ਮਿਲੀ। ਇਸਲਾਮਿਕ ਕੇਂਦਰ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੱਸ ਡਰਾਈਵਰ ਜਦੋਂ ਬੱਚਿਆਂ ਨੂੰ ਕੇਂਦਰ ਤੋਂ ਘਰ ਲੈ ਕੇ ਜਾਣ ਲਈ ਦੋਬਾਰਾ ਬੱਸ ਨੂੰ ਬਾਹਰ ਕੱਢ ਰਿਹਾ ਸੀ ਤਾਂ ਉਸ ਨੇ ਬੱਚੇ ਨੂੰ ਬੱਸ ਵਿੱਚ ਵੇਖਿਆਤੇ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ ਸੀ। ਹਾਲ ਦੀ ਘੜੀ ਬੱਚੇ ਦੀ ਮੌਤ ਦੇ ਆਸਲ ਕਾਰਨਾਂ ਦਾ ਪਤਾ ਨਹੀਂ ਲੱਗਾ।
ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿੱਚ ਇਹੋ ਜਿਹੀ ਘਟਨਾ ਬਹੁਤ ਘੱਟ ਹੁੰਦੀ ਹੈ। ਇਸ ਤੋਂ ਪਹਿਲਾਂ ਸਾਲ 2014 ਵਿੱਚ ਆਬੂਧਾਬੀ ਦੇ ਅਲ ਵਰੂਦ ਅਕੈਡਮੀ ਪ੍ਰਾਈਵੇਟ ਸਕੂਲ ਵਿੱਚ ਕੇਜੀ-1 ਦਾ ਇੱਕ ਵਿਦਿਆਰਥੀ ਏਸੇ ਤਰ੍ਹਾਂ ਬੱਸ ਵਿੱਚ ਰਹਿ ਗਿਆ ਸੀ। ਇਸ ਤੋਂ ਬਾਅਦ ਹੈੱਡ ਟੀਚਰ, ਬੱਸ ਚਾਲਕ ਤੇ ਸੁਪਰਵਾਈਜ਼ਰ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ ਅਤੇ ਪੀੜਤ ਪਰਿਵਾਰ ਨੂੰ ਮੁਆਵਜ਼ੇ ਵਜੋਂ ਇੱਕ ਲੱਖ ਦੀਰਾਮ ਦੇਣ ਦਾ ਹੁਕਮ ਹੋਇਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੀ ਪੀ ਆਈ ਅਤੇ ਸੀ ਪੀ ਐੱਮ ਦੇ ਇਕੱਠੇ ਹੋਣ ਦੀ ਗੱਲ ਮੁੜ ਕੇ ਚੱਲ ਪਈ

ਹੈਦਰਾਬਾਦ, 16 ਜੂਨ (ਪੋਸਟ ਬਿਊਰੋ)- ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੇ ਕਾਫੀ ਸਮੇਂ ਬਾਅਦ ਇੱਕ ਵਾਰ ਫਿਰ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ ਪੀ ਐੱਮ) ਨਾਲ ਇਕੱਠੇ ਹੋਣ ਦੀ ਪਹਿਲ ਕੀਤੀ ਹੈ। ਉਸ ਨੂੰ ਆਸ ਹੈ ਕਿ ਲੋਕ ਸਭਾ ਚੋਣਾਂ ਵਿੱਚ ਮਾੜੀ ਕਾਰਗੁਜ਼ਾਰੀ ਪਿੱਛੋਂ ਪਾਰਟੀ ਕਾਰਕੁਨ ਹਾਈ ਕਮਾਨ 'ਤੇ ਦਬਾਅ ਪਾਉਣਗੇ। ਇਸ ਸੰਬੰਧ ਵਿੱਚ ਸੀ ਪੀ ਆਈ ਦੇ ਜਨਰਲ ਸਕੱਤਰ ਐੱਸ ਸੁਧਾਕਰ ਰੈੱਡੀ ਨੇ ਪਿਛਲੇ ਦਿਨੀਂ ਸੀ ਪੀ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਚਿੱਠੀ ਲਿਖੀ ਸੀ, ਜਿਸ ਵਿੱਚ ਦੋਵਾਂ ਖੱਬੇ ਪੱਖੀ ਪਾਰਟੀਆਂ ਦੇ ਇਕੱਠੇ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਸੀ ਪੀ ਆਈ ਦਾ ਕਾਫੀ ਸਮੇਂ ਤੋਂ ਮੰਨਣਾ ਹੈ ਕਿ ਇਕੱਠੇ ਹੋਣਾ ਜ਼ਰੂਰੀ ਹੈ ਕਿਉਂਕਿ 1964 ਵਿੱਚ ਖੱਬੇ ਪੱਖੀ ਅੰਦੋਲਨ ਵਿੱਚ ਫੁੱਟ ਦਾ ਕਾਰਨ ਬਣੇ ਕਾਰਕ ਅੱਜ ਸਾਰਥਕ ਨਹੀਂ ਹਨ ਅਤੇ ਦੋਵਾਂ ਪਾਰਟੀਆਂ ਵਿੱਚ ਹੁਣ ਬੀਤੇ ਕਈ ਸਾਲਾਂ ਤੋਂ ਕੋਈ ਮਤਭੇਦ ਨਹੀਂ । ਸੀ ਪੀ ਆਈ ਦੀ ਇਸ ਨਵੀਂ ਪਹਿਲ ਨਾਲ ਇਕਜੁਟਤਾ ਦੀ ਬਹਿਸ ਵਿੱਚ ਸ਼ੁਰੂ ਹੋ ਗਈ ਹੈ ਅਤੇ ਇਸ ਦਾ ਟੀਚਾ ਸੀ ਪੀ ਆਈ ਕਾਰਕੁਨ ਹਨ ਜਿਨ੍ਹਾਂ ਬਾਰੇ ਉਸ ਦਾ ਮੰਨਣਾ ਹੈ ਕਿ ਉਹ ਇਕਜੁਟਤਾ ਲਈ ਪਾਰਟੀ ਹਾਈ ਕਮਾਨ 'ਤੇ ਦਬਾਅ ਪਾਉਣਗੇ। ਸੀ ਪੀ ਆਈ ਦੇ ਸੀਨੀਅਰ ਆਗੂ ਨੇ ਕਿਹਾ ਕਿ ਇਸ ਵਾਰ ਸਾਨੂੰ ਆਸ ਹੈ ਕਿ ਸਾਡੀ ਅਪੀਲ ਦਾ ਕਾਰਕੁਨਾਂ 'ਤੇ ਅਸਰ ਹੋਵੇਗਾ। ਅਸੀਂ ਸੋਚਦੇ ਹਾਂ ਕਿ ਕਾਰਕੁਨ ਦਬਾਅ ਪਾਉਣਗੇ। ਸਾਡਾ ਇਹ ਵੀ ਮੰਨਣਾ ਹੈ ਕਿ ਸਾਡੀ ਪਹਿਲ ਨਾਲ ਚਰਚਾ ਸ਼ੁਰੂ ਹੋਵੇਗੀ।

### ਸ਼ਿਲਾਂਗ ਵਿੱਚ ਸਿੱਖਾਂ ਦਾ ਮਾਮਲਾ

## ਅਕਾਲੀ ਦਲ ਦੇ ਦਖਲ ਨਾਲ ਗ੍ਰਹਿ ਮੰਤਰਾਲਾ ਨੇ ਰਿਪੋਰਟ ਤਲਬ ਕੀਤੀ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਖੇ ਰਹਿੰਦੇ ਸਿੱਖਾਂ ਤੇ ਪੰਜਾਬੀਆਂ ਨੂੰ ਉਥੋਂ ਦੇ ਇੱਕ ਪਾਬੰਦੀਸ਼ੁਦਾ ਸੰਗਠਨ ਐੱਚ ਐੱਨ ਐੱਲ ਸੀ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਬਾਰੇ ਅਕਾਲੀ ਦਲ ਦੇ ਦਖਲ ਪਿੱਛੋਂ ਭਾਰਤੀ ਗ੍ਰਹਿ ਮੰਤਰਾਲੇ ਨੇ ਮੇਘਾਲਿਆ ਦੇ ਚੀਫ ਸੈਕਟਰੀ ਤੋਂ ਸਾਰੀ ਰਿਪੋਰਟ ਮੰਗ ਲਈ ਹੈ।
ਇਸ ਦੌਰਾਨ ਮੇਘਾਲਿਆ ਸਰਕਾਰ ਦੇ ਮੁੱਖ ਸਕੱਤਰ ਨੇ ਕੇਂਦਰੀ ਗ੍ਰਹਿ ਸਕੱਤਰ ਨੂੰ ਮੇਘਾਲਿਆ ਦੀ ਸਥਿਤੀ ਬਾਰੇ ਦੱਸਣ ਦੇ ਨਾਲ ਭਰੋਸਾ ਦਿੱਤਾ ਕਿ ਸਿੱਖਾਂ ਤੇ ਪੰਜਾਬੀਆਂ ਦੀ ਰੱਖਿਆ ਲਈ ਮੇਘਾਲਿਆ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਦਾ ਵੀ



ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਮੇਘਾਲਿਆ ਦੀ ਪਾਬੰਦੀਸ਼ੁਦਾ ਜਥੇਬੰਦੀ ਐੱਚ ਐੱਨ ਐੱਲ ਸੀ ਨੇ ਸ਼ਿਲਾਂਗ ਦੀ ਦਲਿਤ ਬਸਤੀ ਵਿਚਲੇ ਸਿੱਖਾਂ ਅਤੇ ਪੰਜਾਬੀਆਂ ਨੂੰ ਧਮਕੀ ਦਿੱਤੀ ਸੀ ਕਿ ਉਹ ਇਥੋਂ ਚਲੇ ਜਾਣ, ਨਹੀਂ ਤਾਂ ਉਨ੍ਹਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਨਾ ਪੈ ਸਕਦਾ ਹੈ। ਇਸ ਦਾ ਨੋਟਿਸ ਲੈਂਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇਹ ਮੁੱਦਾ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਉਠਾ ਕੇ ਸ਼ਿਲਾਂਗ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਜਾਨ-ਮਾਲ ਦੀ ਰੱਖਿਆ ਯਕੀਨੀ ਕਰਨ ਨੂੰ ਕਿਹਾ ਸੀ। ਇਸ ਪਿੱਛੋਂ ਗ੍ਰਹਿ ਮੰਤਰਾਲੇ ਨੇ ਮੇਘਾਲਿਆ ਦੇ ਚੀਫ ਸਕੱਤਰ ਨੂੰ ਲਿਖਿਆ ਸੀ ਕਿ ਉਹ ਸ਼ਿਲਾਂਗ ਦੇ ਇਸ ਕੇਸ ਬਾਰੇ ਜਲਦੀ ਰਿਪੋਰਟ ਦੇਣ। ਇਸ ਬਾਰੇ ਕੱਲ੍ਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਵਫਦ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿੱਚ ਗ੍ਰਹਿ ਮੰਤਰਾਲੇ ਦੇ ਜੁਆਇੰਟ ਸਕੱਤਰ ਜਤਿੰਦਰ ਗਰਗ ਨੂੰ ਵੀ ਮਿਲਿਆ, ਜਿੱਥੇ ਉਨ੍ਹਾਂ ਤੋਂ ਸਾਰੇ ਹਾਲਾਤ ਦੀ ਜਾਣਕਾਰੀ ਲਈ ਸੀ। ਉਨ੍ਹਾਂ ਕਿਹਾ ਕਿ ਜੁਆਇੰਟ ਗ੍ਰਹਿ ਸਕੱਤਰ ਗਰਗ ਨੇ ਵਿਸ਼ਵਾਸ ਦਿੱਤਾ ਹੈ ਕਿ ਭਾਰਤ ਸਰਕਾਰ ਸ਼ਿਲਾਂਗ ਵਿਚਲੇ ਪੰਜਾਬੀਆਂ ਅਤੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਇਸ ਲਈ ਮੇਘਾਲਿਆ ਸਰਕਾਰ ਤੋਂ ਰਿਪੋਰਟ ਮੰਗੀ ਹੈ, ਜਿਸ ਵਿੱਚ ਚੀਫ ਸੈਕਟਰੀ ਮੇਘਾਲਿਆ ਨੇ ਗ੍ਰਹਿ ਸਕੱਤਰ ਨੂੰ ਦੱਸਿਆ ਹੈ ਕਿ ਮੇਘਾਲਿਆ ਵਿੱਚ ਵੱਸਦੇ ਪੰਜਾਬੀਆਂ ਅਤੇ ਸਿੱਖਾਂ ਦੀ ਹਰ ਤਰ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨੂੰ ਮੇਘਾਲਿਆ ਸਰਕਾਰ ਪੂਰੀ ਤਰ੍ਹਾਂ ਨਿਭਾਵੇਗੀ ਤੇ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਵੇਗਾ।

## ਸਰਨਾ ਦਲ ਨੂੰ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਲਿਜਾਣ ਦੀ ਮਨਜ਼ੂਰੀ ਮਿਲੀ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵਾਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦਿੱਲੀ ਤੋਂ ਨਨਕਾਣਾ ਸਾਹਿਬ (ਪਾਕਿਸਤਾਨ) ਜਾਣ ਵਾਲੇ ਨਗਰ ਕੀਰਤਨ ਦੀ ਮਨਜ਼ੂਰੀ ਪਾਕਿ-ਸਤਾਨ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੂੰ ਦੇ ਦਿੱਤੀ ਹੈ। ਇਹ ਗੱਲ ਇਸ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਕੱਲ੍ਹ ਦੱਸੀ ਅਤੇ ਨਾਲ ਇਹ ਵੀ ਦੱਸਿਆ ਕਿ ਨਗਰ ਕੀਰਤਨ ਨੂੰ ਰਵਾਨਾ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕਰਨਗੇ। ਇਸ ਦੇ ਲਈ ਜਲਦੀ ਹੀ ਉਨ੍ਹਾਂ ਦਾ ਇੱਕ ਵਫਦ ਪ੍ਰਧਾਨ ਮੰਤਰੀ ਨਾਲ ਮੁਲਾਕ-ਾਤ ਕਰ ਕੇ ਸੱਦਾ ਦੇਵੇਗਾ।
ਇਹ ਨਗਰ ਕੀਰਤਨ ਦਿੱਲੀ ਤੋਂ ਚੱਲ ਕੇ 28 ਅਕਤੂਬਰ ਨੂੰ ਲੁਧਿਆਣਾ ਪਹੁੰਚੇਗਾ। ਦੂਜੇ ਦਿਨ ਸੁਲਤਾਨਪੁਰ ਲੋਧੀ, 30 ਨੂੰ ਅੰਮ੍ਰਿਤਸਰ ਅਤੇ 31 ਨੂੰ ਨਨਕਾਣਾ ਸਾਹਿਬ ਪੁੱਜੇਗਾ। ਉਸ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ, ਪੰਜਾ ਸਾਹਿਬ ਤੇ ਡੇਰਾ ਸਾਹਿਬ ਵੀ ਸੰਗਤ ਜਾਵੇਗੀ। ਸਾਰੀਆਂ ਥਾਵਾਂ 'ਤੇ ਵਿਸ਼ਾਲ ਪ੍ਰੋਗਰਾਮ ਆਯੋਜਤ ਕੀਤੇ ਜਾਣਗੇ। ਸਰਨਾ ਨੇ ਦੱਸਿਆ ਕਿ ਪਾਕਿਸਤਾਨ ਵੱਲੋਂ ਮਨਜ਼ੂਰੀ ਪੱਤਰ ਉੱਤੇ ਪਾਕਿ-ਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਅਤੇ ਅਵੇਕਿਊ ਟਰੱਸਟ ਬੋਰਡ ਦੇ ਚੇਅਰਮੈਨ ਮੁਹੰਮਦ ਉਲ ਫਾਰੂਕ ਦੇ ਹਸਤਾਖਰ ਹਨ।

## ਕਸ਼ਮੀਰੀ ਪੰਡਤਾਂ ਨੇ ਫਾਰੂਕ ਅਬਦੁੱਲਾ ਦੇ ਸਾਹਮਣੇ ਮੋਦੀ-ਮੋਦੀ ਦੇ ਨਾਅਰੇ ਲਾਏ



ਸ੍ਰੀਨਗਰ, 16 ਜੂਨ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਉਸ ਵੇਲੇ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਇੱਕ ਸਥਾਨਕ ਮੰਦਰ ਵਿੱਚ ਉਨ੍ਹਾਂ ਦੇ ਪਹੁੰਚਦੇ ਸਾਰ ਕਸ਼ਮੀਰੀ ਪੰਡਤਾਂ ਨੇ ‘ਮੋਦੀ ਮੋਦੀ’ ਦੇ ਨਾਅਰੇ ਸ਼ੁਰੂ ਕਰ ਦਿੱਤੇ ਤੇ ਇਸ ਦੌਰਾਨ ਉਨ੍ਹਾਂ ਨਾਲ ਧੱਕਾਮੁੱਕੀ ਵੀ ਹੋਈ। ਇਸ ਇੱਕ ਵੀਡੀਓ ਵੀ ਵਾਇਰਲ ਹੋ ਗਿਆ ਹੈ।
ਮਿਲੀ ਜਾਣਕਾਰੀ ਮੁਤਾਬਕ ਜਦੋਂ ਫਾਰੂਕ ਅਬਦੁੱਲਾ ਸ੍ਰੀਨਗਰ ਦੇ ਜਯੇਸ਼ਠਾ ਦੇਵੀ ਮੰਦਰ ਪੁੱਜੇ ਤਾਂ ਉਥੇ ਮੌਜੂਦ ਉਕਤ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਦੇ ਹੱਕ ਵਿੱਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਵੀਡੀਓ ਮੁਤਾਬਕ ਫਾਰੂਕ ਦੇ ਹਮਾਇਤੀਆਂ ਨੇ ਉਥੇ ਮੌਜੂਦ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਮੰਨੇ ਅਤੇ ‘ਮੋਦੀ ਮੋਦੀ’ ਦੇ ਨਾਅਰੇ ਲਾਉਂਦੇ ਰਹੇ।
ਉਕਤ ਮੰਦਰ ਵਿੱਚ ਕਸ਼ਮੀਰੀ ਪੰਡਿਤ ਅਕਸਰ ਦਰਸ਼ਨ ਅਤੇ ਪੂਜਾ ਲਈ ਆਉਂਦੇ ਰਹਿੰਦੇ ਹਨ। ਫਾਰੂਕ ਅਬਦੁੱਲਾ ਵੀ ਉਥੇ ਪੁੱਜੇ ਸਨ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਦਾ ਵੱਡਾ ਇਕੱਠ ਉਥੇ ਸੀ। ਇਨ੍ਹਾਂ ਵਿੱਚ ਔਰਤਾਂ ਅਤੇ ਮਰਦ ਦੋਵੇਂ ਸਨ। ਫਾਰੂਕ ਨੂੰ ਵੇਖ ਕੇ ਉਥੇ ਮੌਜੂਦ ਕਸ਼ਮੀਰੀ ਪੰਡਤਾਂ ਨੇ ਮੋਦੀ ਜ਼ਿੰਦਾਬਾਦ ਅਤੇ ਹਰ ਹਰ ਮਹਾਦੇਵ ਦੇ ਨਾਅਰੇ ਸ਼ੁਰੂ ਕਰ ਦਿੱਤੇ। ਫਾਰੂਕ ਸ਼ਾਂਤ ਰਹੇ, ਪਰ ਉਨ੍ਹਾਂ ਦੇ ਹਮਾਇਤੀਆਂ ਨੇ ਭੀੜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਇੱਕ ਵਾਰ ਨੈਸ਼ਨਲ ਕਾਨਫਰੰਸ ਨੇਤਾ ਫਾਰੂਕ ਨੇ ਸੁਣ ਲੈਣ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਫਿਰ ਵੀ ਭੀੜ ਨੇ ਮੋਦੀ ਜ਼ਿੰਦਾਬਾਦ ਮੋਦੀ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਜਾਰੀ ਰੱਖੇ। ਇਹ ਸਿਲਸਿਲਾ ਕਾਫੀ ਸਮਾਂ ਚੱਲਦਾ ਰਿਹਾ।


## ਤਿੰਨ ਸਾਲਾਂ ਵਿੱਚ ਪਹਿਲੀ ਵਾਰ ਟਰੰਪ ਦੀ ਆਮਦਨ 300 ਕਰੋੜ ਡਾਲਰ ਪਹੁੰਚੀ

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਮਦਨ ਵਿਚ ਬੀਤੇ ਤਿੰਨ ਸਾਲਾਂ ਵਿੱਚ ਪਹਿਲੀ ਵਾਰ ਵਾਧਾ ਹੋਇਆ ਹੈ। ਬੀਤੇ ਸਾਲ ਟਰੰਪ ਦੀ ਆਮਦਨ ਵਿਚ ਪੰਜ ਫ਼ੀਸਦੀ ਵਾਧਾ ਹੋਇਆ। ਇਸ ਦੇ ਨਾਲ ਉਨ੍ਹਾਂ ਦੀ ਕੁਲ ਆਮਦਨ ਤਿੰਨ ਅਰਬ ਡਾਲਰ ਹੋ ਗਈ ਹੈ। ਰਿਪੋਰਟ ਮੁਤਾਬਕ ਟਰੰਪ ਦੀ ਆਮਦਨ ਵਿਚ ਇਹ ਵਾਧਾ ਦੋ ਆਫਿਸ ਬਿਲਡਿੰਗਾਂ ਦੀਂ ਕੀਮਤ ਵਧਣ ਨਾਲ ਹੋਇਆ ਹੈ, ਜਿਨ੍ਹਾਂ ਦੀ ਕੀਮਤ 33 ਫ਼ੀਸਦੀ ਵਧੀ ਹੈ। ਵਰਨਣ ਯੋਗ ਹੈ ਕਿ ਟਰੰਪ ਦੇ ਦੋਸਤ ਸਟੀਵਨ ਰੋਥ ਦੇ ਵੋਰਨੇਡੋ ਰਿਐਲਿਟੀ ਟਰੱਸਟ ਦੀਆਂ ਦੋ ਜਾਇਦਾਦਾਂ ਵਿਚ ਟਰੰਪ ਦੇ 30 ਫ਼ੀਸਦੀ ਸ਼ੇਅਰ ਹਨ। ਬਲੂਮਬਰਗ ਦੀ ਰਿਪੋਰਟ ਮੁਤਾਬਕ ਪਿਛਲੇ ਇਕ ਸਾਲ ਵਿਚ ਦੋਵਾਂ ਜਾਇਦਾਦਾਂ ਵਿਚ ਟਰੰਪ ਦੀ ਹਿੱਸੇਦਾਰੀ ਦੀ ਕੀਮਤ ਵਧ ਕੇ ਤਿੰਨ ਅਰਬ ਡਾਲਰ ਹੋਈ ਹੈ। ਇਹ ਇਕ ਸਾਲ ਪਹਿਲਾਂ ਦੇ ਮੁਕਾ-ਬਲੇ ਵਿਚ 33 ਫ਼ੀਸਦੀ ਜ਼ਿਆਦਾ ਹੈ। ਟਰੰਪ ਦੀ ਕੁੱਲ ਆਮਦਨ ਵਿਚ ਕਰੀਬ ਇਕ ਚੌਥਾਈ ਭਾਈਵਾਲੀ ਇਨ੍ਹਾਂ ਇਮਾਰਤਾਂ ਦੀ ਕੀਮਤ ਤੋਂ ਹੈ।


















# ਮਿੰਨੀ ਕਹਾਣੀਆਂ

## ਰੋਟੀ ਕੰਜਕਾਂ ਦੀ

–ਰਣਜੀਤ ਆਜ਼ਾਦ ਕਾਂਝਲਾ

ਉਹ ਇੱਕ ਡੋਲੂ ਅਤੇ ਕੁਝ ਹੋਰ ਸਮਾਨ ਨਾਲ ਡਿਸਪੋਜ਼ੇਬਲ ਪਲੇਟਾਂ-ਡੂਨੇ ਲੈ ਕੇ ਬਸ ਵਿੱਚ ਜਾ ਬੈਠੀ।

''ਮੈਡਮ ਜੀ ਅੱਜ ਕਿਵੇਂ ਡੋਲੂ ਚੁੱਕਿਐ ਅਤੇ ਇਹ ਹੋਰ...?'' ਹਰ ਰੋਜ਼ ਅਗਲੇ ਸਕੂਲ ਜਾਣ ਵਾਲੀ ਮੈਡਮ ਨੇ ਸੁਭਾਵਕ ਹੀ ਪੁੱਛਿਆ।

''ਕੀ ਦੱਸਾਂ ਭੈਣ ਜੀ! ਰਾਤੀਂ ਆਪਣੇ ਮੁਹੱਲੇ ਵਿੱਚ ਨਜ਼ਰ ਦੌੜਾਈ ਤਾਂ ਸਿਰਫ ਚਾਰ ਕੰਜਕਾਂ ਮੇਰੀ ਨਜ਼ਰ ਚੜ੍ਹੀਆਂ। ਬਥੇਰਾ ਦਿਮਾਗ 'ਤੇ ਬੋਝ ਪਾ ਕੇ ਕਈ ਵਾਰ ਵਿਚਾਰਿਆ, ਪਰ ਚਾਰ ਕੰਜਕਾਂ ਤੋਂ ਅੱਗੇ ਗਿਣਤੀ ਨਾ ਵਧੀ। ਤੁਹਾਨੂੰ ਪਤਾ ਹੀ ਏ ਅੱਜ ਮਾਤਾ ਦਾ ਅੱਠਵਾਂ ਨਰਾਤਾ ਹੈ। ਅਸ਼ਟਮੀ ਪੂਜਨ ਕਰਨ ਲਈ ਘੱਟੋ-ਘੱਟ ਪੰਜ-ਸੱਤ ਕੰਜਕਾਂ ਨੂੰ ਭੋਜਨ ਕਰਾਉਣ ਦੀ ਮਨ ਵਿੱਚ ਇੱਛਾ ਧਾਰੀ ਹੋਈ ਸੀ ਬਹੁਤ ਦੇਰ ਤੋਂ, ਪਰ ਮੁਹੱਲੇ ਵਿੱਚ ਤਾਂ ਸਿਰਫ ਚਾਰ ਕੁੜੀਆਂ ਹੀ ਮੇਰੀ ਨਜ਼ਰ 'ਚ ਚੜ੍ਹੀਆਂ ਨੇ। ਮੇਰੇ ਘਰ ਵਾਲੇ ਨੇ ਸਲਾਹ ਦਿੱਤੀ ਕਿ ਇਹ ਤਿਆਰ ਕੀਤਾ ਭੋਜਨ ਸਕੂਲ 'ਚ ਲੈ ਜਾ, ਉਥੇ ਸਕੂਲ ਵਿੱਚੋਂ ਸੱਤ ਕੰਜਕਾਂ ਨੂੰ ਅੱਧੀ ਛੁੱਟੀ ਸਮੇਂ ਇੱਕ ਕਮਰੇ ਵਿੱਚ ਬਿਠਾ ਕੇ ਖਵਾ ਦੇਣਾ। ਤੇਰੇ ਮਨ ਦੀ ਇੱਛਾ ਪੂਰੀ ਹੋ ਜਾਵੇਗੀ। ਮੈਂ ਤਾਂ ਹੀਂ ਸਭ ਕੁਝ ਨਾਲ ਲੈ ਆਈ ਹਾਂ। ਆਪਣੀ ਜਮਾਤ ਦੀਆਂ ਸੱਤ ਕੁੜੀਆਂ (ਕੰਜਕਾਂ) ਨੂੰ ਭੋਜਨ ਖਵਾ ਦੇਵਾਂਗੀ।''

ਮੈਡਮ ਦਾ ਸਕੂਲ ਆ ਗਿਆ ਅਤੇ ਉਹ ਬਸ ਤੋਂ ਉਤਰ ਸਕੂਲ ਵੱਲ ਕਾਹਲੀ ਕਾਹਲੀ ਕਦਮ ਪੁੱਟਦੀ ਜਾ ਰਹੀ ਸੀ ਜਿਵੇਂ ਉਸ ਨੇ ਕੋਈ ਬਹੁਤ ਵੱਡੀ ਜੰਗ ਜਿੱਤ ਲਈ ਹੋਵੇ।

## ਘਾਟ

–ਵਰਿੰਦਰ ਆਜ਼ਾਦ

''ਬੱਚੇ 'ਚ ਪਰਮਾਤਮਾ ਨੇ ਕੋਈ ਨਾ ਕੋਈ ਘਾਟ ਜ਼ਰੂਰ ਰੱਖੀ ਹੁੰਦੀ ਹੈ।''

''ਕਿਉਂ?'' ਪਹਿਲੇ ਦੋਸਤ ਨੇ ਦੂਜੇ ਦੋਸਤ ਨੂੰ ਸਵਾਲ ਕੀਤਾ।

''ਕਿਉਂਕਿ ਇਸ ਘਾਟ ਨਾਲ ਬੰਦੇ 'ਚ ਹੰਕਾਰ ਨਹੀਂ ਆਉਂਦਾ ਅਤੇ ਉਹ ਆਪਣੇ ਆਪ ਨੂੰ ਰੱਬ ਨਹੀਂ ਸਮਝ ਸਕਦਾ।'' ਪਹਿਲੇ ਦੋਸਤ ਨੇ ਦੂਜੇ ਦੋਸਤ ਦੇ ਸਵਾਲ ਦਾ ਜਵਾਬ ਦਿੱਤਾ।

''ਤੇਰੀ ਇਸ ਗੱਲ ਨਾਲ ਮੈਂ ਬਿਲਕੁਲ ਵੀ ਸਹਿਮਤ ਨਹੀਂ।'' ਦੂਜੇ ਦੋਸਤ ਨੇ ਫਿਰ ਆਪਣੀ ਗੱਲ ਕਹੀ।

''ਤੇਰੇ ਇਸ ਯਕੀਨ ਰੱਖਣ ਜਾਂ ਨਾ ਰੱਖਣ ਨਾਲ ਕੀ ਫਰਕ ਪੈਂਦੈ। ਸੱਚਾਈ ਤਾਂ ਅਟੱਲ ਹੈ। ਕੁਦਰਤ ਦੇ ਬਣਾਏ ਨਿਯਮ ਬਿਲਕੁਲ ਠੀਕ ਹੁੰਦੇ ਹਨ।''

''...ਪਰ ਮੇਰੇ 'ਚ ਕੋਈ ਘਾਟ ਨਹੀਂ।'' ਦੂਜੇ ਦੋਸਤ ਨੇ ਬੜੇ ਫਖਰ ਨਾਲ ਇਹ ਲਫਜ਼ ਕਹੇ।

''ਬੱਸ ਤੇਰੇ 'ਚ ਇਹੀ ਘਾਟ ਏ।'' ਪਹਿਲੇ ਦੋਸਤ ਨੇ ਦੂਜੇ ਦੋਸਤ ਨੂੰ ਕਿਹਾ।

## ਸਿੱਖ ਦੀ ਧੀ

–ਸਵਰਨਦੀਪ ਸਿੰਘ ਨੂਰ

'ਸਿੱਖ ਧਰਮ ਦੀਆਂ ਮਹਾਨ ਔਰਤਾਂ' ਸਿਰਲੇਖ ਹੇਠ ਅਖਬਾਰ ਵਿੱਚ ਛਪੇ ਮੇਰੇ ਲੇਖ ਦੀ ਪ੍ਰਸ਼ੰਸਾ ਵਿੱਚ ਸਵੇਰ ਤੋਂ ਹੀ ਫੋਨ ਆਉਣੇ ਸ਼ੁਰੂ ਹੋ ਗਏ। ਤਕਰੀਬਨ ਸਾਰੇ ਫੋਨ ਲੇਖ ਦੀ ਪ੍ਰਸ਼ੰਸਾ ਵਿੱਚ ਸਨ। ਪਾਠਕਾਂ ਵੱਲੋਂ ਆਏ ਫੋਨ ਸੁਣ ਕੇ ਮਨ ਨੂੰ ਤਸੱਲੀ ਹੋਈ ਕਿ ਮੇਰਾ ਲਿਖਿਆ ਸਫਲ ਹੋ ਗਿਆ। ਬਹੁਤ ਵੱਡਾ ਹੁੰਗਾਰਾ ਦਿੱਤਾ ਹੈ ਪਾਠਕਾਂ ਨੇ ਇਸ ਲੇਖ ਨੂੰ। ਦੁਪਹਿਰੇ ਢਾਈ ਕੁ ਵਜੇ ਮੇਰੇ ਮਫੋਨ 'ਤੇ ਇੱਕ ਮਿਸ ਕਾਲ ਆਈ। ਕੁਝ ਦੇਰ ਉਡੀਕਣ ਮਗਰੋਂ ਮੈਂ ਖੁਦ ਹੀ ਕਾਲ ਬੈਕ ਕੀਤੀ।

ਦੂਜੇ ਪਾਸਿਓਂ ਇੱਕ ਔਰਤ ਦੀ ਆਵਾਜ਼ ਸੁਣਾਈ ਦਿੱਤੀ, ''ਮੁਆਫ ਕਰੀਂ ਵੀਰੇ, ਮੇਰੇ ਫੋਨ ਵਿੱਚ ਪੈਸੇ ਨਹੀਂ ਸਨ, ਇਸ ਲਈ ਮਿਸ ਕਾਲ ਦਿੱਤੀ। ਤੁਹਾਡਾ ਲੇਖ ਪੜ੍ਹ ਕੇ ਦਿਲ ਕੀਤਾ ਕਿ ਗੱਲ ਕਰਾਂ।'' ਉਹ ਬੀਬੀ ਥੋੜ੍ਹਾ ਰੁਕ-ਰੁਕ ਕੇ ਬੋਲ ਰਹੀ ਸੀ।

''ਕੋਈ ਨਹੀਂ ਭੈਣ ਜੀ ਕਰੋ ਗੱਲ ਤੁਸੀਂ।''

''ਵੀਰ ਜੀ ਕੱਲ੍ਹ ਅਖਬਾਰ ਵਿੱਚ ਤੁਹਾਡਾ ਲੇਖ ਪੜ੍ਹਿਆ ਸੀ। ਤੁਹਾਡੇ ਇਸ ਲੇਖ ਨੇ ਮੇਰੀ ਜਾਨ ਬਚਾ ਲਈ ਹੈ।''

''ਕੀ ਗੱਲ ਹੋਈ ਭੈਣ ਜੀ? ਤੁਸੀਂ ਏਨੇ ਮਾਯੂਸ ਕਿਉਂ ਹੋ?'' ਮੈਂ ਪੁੱਛਿਆ।

''ਵੀਰੇ ਮੇਰਾ ਜਨਮ ਇੱਕ ਸਿੱਖ ਪਰਵਾਰ ਦਾ ਹੈ ਅਤੇ ਮੇਰੇ ਸਹੁਰੇ ਪਰਵਾਰ ਵਾਲੇ ਵੀ ਸਿੱਖ ਨੇ। ਮੇਰਾ ਪਤੀ ਇਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੈ। ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਇਨ੍ਹਾਂ ਸਾਰਿਆਂ ਨੇ ਮੇਰੇ ਨਾਲ ਕਲੇਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਦਾਜ ਘੱਟ ਲਿਆਈ ਐਂ। ਰੋਜ਼ ਮੇਰੇ ਨਾਲ ਕੁੱਤੇ ਖਾਣੀ ਹੁੰਦੀ ਹੈ। ਦਾਜ ਦੇ ਨਾਂਅ ਤੇ ਸੱਸ ਅਤੇ ਨਨਾਣ ਹਰ ਵੇਲੇ ਮੈਨੂੰ ਦੁਖੀ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ ਨੇ।'' ਬੀਬੀ ਫੋਨ ਤੇ ਰੋਣ ਲੱਗ ਪਈ।

''ਭੈਣ ਜੀ ਸੰਭਾਲੋ ਆਪਣੇ ਆਪ ਨੂੰ। ਇੰਝ ਮਨ ਦੁਖੀ ਨਾ ਕਰੋ।'' ਮੈਂ ਦਿਲਾਸਾ ਦਿੰਦਿਆਂ ਕਿਹਾ।

''ਪ੍ਰਮਾਤਮਾ ਦੀ ਕਰਨੀ ਕਿ ਵਿਆਹ ਤੋਂ ਪੰਜ ਸਾਲ ਬਾਅਦ ਮੇਰੀ ਗੋਦ ਹਰੀ ਨਹੀਂ ਹੋਈ। ਮੇਰਾ ਪਤੀ ਅਤੇ ਸੱਸ ਆਖਦੇ ਨੇ ਮੈਂ ਮਨਹੂਸ ਕਿੱਥੋਂ ਇਨ੍ਹਾਂ ਦੇ ਘਰ ਆ ਗਈ। ਪਤੀ ਹੱਥੋਂ ਸੱਟਾਂ ਖਾ ਖਾ ਕੇ ਮੇਰਾ ਅੰਗ-ਅੰਗ ਟੁੱਟਿਆ ਪਿਐ। ਹੁਣ ਤਾਂ ਰੋਜ਼ ਮਿਲ ਕੇ ਮੈਨੂੰ ਜਾਨ ਤੋਂ ਮਾਰਨ ਦੀਆਂ ਸਕੀਮਾਂ ਘੜਦੇ ਰਹਿੰਦੇ ਨੇ।''

''ਤੂੰ ਆਪਣੇ ਮਾਂ-ਬਾਪ ਨੂੰ ਕੁਝ ਨਹੀਂ ਦੱਸਿਆ ਇਹਦੇ ਬਾਰੇ?'' ਮੈਂ ਉਸ ਨੂੰ ਸਵਾਲ ਕੀਤਾ।

''ਮਾਂ ਬਾਪ ਨੂੰ ਕੁਝ ਦਸਦੀ ਹਾਂ ਤਾਂ ਉਹ ਅੱਗੋਂ ਆਖਦੇ ਨੇ, ਤਿੰਨ ਤੇਰੀਆਂ ਭੈਣਾਂ ਅਜੇ ਹੋਰ ਘਰ ਬੈਠੀਆਂ ਨੇ। ਵਾਹਿਗੁਰੂ ਆਪੇ ਸਾਰਾ ਕੁਝ ਠੀਕ ਕਰੂ। ਤੂੰ ਸਬਰ ਨਾਲ ਦਿਨ ਕੱਢ। ਮੈਂ ਦੁਖਿਆਰੀ ਸੋਚਦੀ ਰਹਿੰਦੀ ਸੀ ਕੀ ਕਰਾਂ ਕਿਸ ਨੂੰ ਜਾ ਕੇ ਆਪਣਾ ਹਾਲ ਦੱਸਾਂ।''

ਇਨ੍ਹਾਂ ਅਣਕਿਆਸੇ ਸਵਾਲਾਂ ਦਾ ਜਵਾਬ ਦੇਣ ਲਈ ਮੈਂ ਆਪਣੇ ਮਨ ਵਿੱਚ ਸ਼ਬਦ ਇਕੱਠੇ ਕਰਨ ਲੱਗ ਪਿਆ, ਪਰ ਸ਼ਬਦਾਂ ਦੀ ਤੰਦ ਮੇਰੇ ਹੱਥ ਆਉਣ ਤੋਂ ਪਹਿਲਾਂ ਹੀ ਟੁੱਟ ਜਾਂਦੀ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਬੀਬੀ ਫਿਰ ਬੋਲੀ, 'ਵੀਰ ਜੀ ਤੁਹਾਡੇ ਲੇਖ ਨੇ ਮੇਰੀ ਸੁੱਤੀ ਆਤਮਾ ਨੂੰ ਜਗਾ ਦਿੱਤੈ। ਹੁਣ ਮੈਂ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝਾਂਗੀ। ਮੈਂ ਵੀ ਗੁਰੂ ਦੀ ਸਿੰਘਣੀ ਹਾਂ। ਗੁਰੂ ਸਾਹਿਬ ਨੇ ਸਾਨੂੰ ਦੱਸਿਆ ਹੈ ਕਿ ਜ਼ੁਲਮ ਕਰਨਾ ਅਤੇ ਜ਼ੁਲਮ ਸਹਿਣਾ ਦੋਵੇਂ ਹੀ ਪਾਪ ਨੇ।''

''ਸ਼ਾਬਾਸ਼ ਮੇਰੀਏ ਭੈਣੇ, ਜਿਊਂਦੀ ਰਹਿ।'' ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

''ਮੈਂ ਆਪਣੇ ਪਤੀ ਤੇ ਸੱਸ ਨੂੰ ਪਹਿਲਾਂ ਪਿਆਰ ਨਾਲ ਸਮਝਾਵਾਂਗੀ ਕਿ ਮੇਰੇ ਨਾਲ ਗਲਤ ਸਲੂਕ ਨਾ ਕਰਨ, ਮੈਨੂੰ ਬੇਵਜ੍ਹਾ ਤੰਗ ਨਾ ਕਰਨ। ਮੈਂ ਵੀ ਇਸ ਘਰ ਦੀ ਜੀਅ ਹਾਂ। ਆਪਣੇ ਮਾਪਿਆਂ ਨੂੰ ਛੱਡ ਕੇ ਤੁਹਾਡੇ ਘਰ ਆਈ ਹਾਂ, ਪਰ ਜੇ ਫਿਰ ਵੀ ਨਾ ਸਮਝੇ ਤਾਂ ਫਿਰ ਮੈਂ ਮਾਈ ਭਾਗੋ ਬਣ ਕੇ ਵਿਖਾਵਾਂਗੀ ਮਾਈ ਭਾਗੋ।'' ਤੇ ਫੋਨ ਕੱਟਿਆ ਗਿਆ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224







# ਹਲਕਾ ਫੁਲਕਾ

ਪੀ ਟੀ ਅਧਿਆਪਕ ਨੇ ਹੁਕਮ ਦਿੱਤਾ, ''ਤੁਸੀਂ ਬੱਚੇ ਪਿੱਠ ਦੇ ਭਾਰ ਲੇਟ ਜਾਓ ਤੇ ਆਪਣੀਆਂ-ਆਪਣੀਆਂ ਲੱਤਾਂ ਸਾਈਕਲ ਦੀ ਤਰ੍ਹਾਂ ਚਲਾਓ।''

ਸਾਰੇ ਲੜਕੇ ਅਜਿਹਾ ਕਰਨ ਲੱਗੇ, ਪਰ ਇੱਕ ਲੜਕਾ ਕਰਦਾ ਰੁਕ ਗਿਆ, ਅਧਿਆਪਕ ਨੇ ਪੁੱਛਿਆ, ''ਸੁਰਿੰਦਰ, ਤੂੰ ਕਿਉਂ ਰੁਕ ਗਿਆਂ?''

ਸੁਰਿੰਦਰ, ''ਸਰ, ਇਸ ਸਮੇਂ ਮੇਰੀ ਸਾਈਕਲ ਢਲਾਣ 'ਤੇ ਹੈ।''

*********

ਇੱਕ ਚਾਹ ਦੀ ਦੁਕਾਨ ਦੇ ਅੱਗੇ ਤਿੰਨ ਅੰਨ੍ਹੇ ਬੈਠ ਕੇ ਰੋਜ਼ ਭੀਖ ਮੰਗਦੇ ਸਨ। ਇੱਕ ਦਿਨ ਇੱਕ ਹੀ ਅੰਨ੍ਹਾ ਆਇਆ, ਦੋ ਅੰਨ੍ਹੇ ਨਹੀਂ ਆਏ।

ਚਾਹ ਵਾਲੇ ਨੇ ਪੁੱਛਿਆ, ''ਅੱਜ ਤੂੰ ਇਕੱਲਾ ਹੀ ਆਇਆਂ, ਕੀ ਉਨ੍ਹਾਂ ਦੋਵਾਂ ਦੀ ਤਬੀਅਤ ਠੀਕ ਨਹੀਂ ਹੈ?''

ਅੰਨ੍ਹਾ ਬੋਲਿਆ, ''ਨਹੀਂ, ਨਹੀਂ ਤਬੀਅਤ ਤਾਂ ਠੀਕ ਹੈ। ਅੱਜ ਉਹ ਦੋਵੇਂ ਫਿਲਮ ਦੇਖਣ ਗਏ ਹਨ।''

*********

ਨੂੰਹ ਸੱਸ ਨੂੰ, ''ਤੁਹਾਡੀ ਸਵਾ ਸੌ ਸਾਲ ਦੀ ਉਮਰ ਦਾ ਰਾਜ਼ ਕੀ ਹੈ?''

ਸੱਸ, ''ਕਿਉਂਕਿ ਮੈਂ ਸਵਾ ਸੌ ਸਾਲ ਪਹਿਲਾਂ ਪੈਦਾ ਹੋਈ ਸੀ।''

*********

ਵਿਨੋਦ ਡਾਕਟਰ ਕੋਲ ਗਿਆ ਅਤੇ ਬੋਲਿਆ, ''ਡਾਕਟਰ ਸਾਹਿਬ, ਮੈਨੂੰ ਕੀ ਬਿਮਾਰੀ ਹੈ?''

ਡਾਕਟਰ, ''ਕੁੜੀਆਂ ਦਾ ਪਿੱਛਾ ਕਰਨਾ ਛੱਡ ਦੇ।''

ਵਿਨੋਦ, ''ਉਸ ਨਾਲ ਕੀ ਹੋਵੇਗਾ?''

ਡਾਕਟਰ, ''ਜੇ ਕੁੜੀਆਂ ਦਾ ਪਿੱਛਾ ਕਰਨਾ ਨਹੀਂ ਛੱਡੇਂਗਾ ਤਾਂ ਜਲਦੀ ਹੀ ਮਰ ਜਾਵੇਂਗਾ।''

ਵਿਨੋਦ, ''ਕੁੜੀਆਂ ਦਾ ਪਿੱਛਾ ਕਰਨ ਨਾਲ ਕੋਈ ਕਿਵੇਂ ਮਰ ਸਕਦਾ ਹੈ?''

ਡਾਕਟਰ, ''ਕਿਉਂਕਿ ਉਨ੍ਹਾਂ ਵਿੱਚੋਂ ਇੱਕ ਕੁੜੀ ਮੇਰੀ ਵੀ ਹੈ।''

*********

ਜੱਜ, ''ਤੂੰ ਇਸ ਦੇ ਪੈਸੇ ਕਿਉਂ ਖੋਹੇ?''

ਚੋਰ, ''ਮੈਂ ਪੈਸੇ ਨਹੀਂ ਖੋਹੇ, ਇਸ ਨੇ ਖੁਦ ਹੀ ਦਿੱਤੇ ਸਨ।''

ਜੱਜ, ''ਇਸ ਨੇ ਪੈਸੇ ਕਦੋਂ ਦਿੱਤੇ?''

ਚੋਰ, ''ਜਦੋਂ ਮੈਂ ਇਸ ਨੂੰ ਬੰਦੂਕ ਦਿਖਾਈ ਸੀ।''

********

ਪਤੀ-ਪਤਨੀ ਇੱਕ ਹੀ ਪਲੇਟ 'ਚ ਗੋਲਗੱਪੇ ਖਾ ਰਹੇ ਸਨ, ਇੱਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਮਿਲਾ ਕੇ।

ਪਤਨੀ ਨੇ ਰੋਮਾਂਟਿਕ ਹੋ ਕੇ ਪੁੱਛਿਆ, ''ਅਜਿਹਾ ਕੀ ਦੇਖ ਰਹੇ ਹੋ ਜੀ?''

ਪਤੀ, ''ਥੋੜ੍ਹਾ ਆਰਾਮ ਨਾਲ ਖਾਹ, ਮੇਰੀ ਵਾਰੀ ਹੀ ਨਹੀਂ ਆ ਰਹੀ।''


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100 Ext. 348

# ਕਿਸੇ ਦਿਨ ਉਬਾਲੇ ਦਾ ਕਾਰਨ ਬਣ ਸਕਦੇ ਹਨ ਪੰਜਾਬ ਦੇ ਹਾਲਾਤ



ਜਤਿੰਦਰ ਪੰਨੂ

ਪਿਛਲੇ ਤਿੰਨ ਮਹੀਨੇ ਪਾਰਲੀਮੈਂਟ ਚੋਣਾਂ ਦੀ ਸ਼ੁਰੂਆਤ ਤੋਂ ਸਮਾਪਤੀ ਤੱਕ ਦੇ ਹੋਣ ਕਾਰਨ ਸਾਡੀ ਸਭਨਾਂ ਦੀ ਸੋਚ ਉੱਤੇ ਭਾਰਤ ਦੀ ਕੇਂਦਰੀ ਰਾਜਨੀਤੀ ਭਾਰੂ ਰਹੀ ਤੇ ਪੰਜਾਬ ਵੱਲ ਆਮ ਤੌਰ ਉੱਤੇ ਚਲਾਵਾਂ ਜਿਹਾ ਧਿਆਨ ਜਾਂਦਾ ਸੀ, ਉਹ ਵੀ ਓਦੋਂ ਜਾਂਦਾ ਸੀ, ਜਦੋਂ ਕੋਈ ਅਣਗੌਲੀ ਨਾ ਕੀਤੀ ਜਾਣ ਵਾਲੀ ਗੱਲ ਹੁੰਦੀ ਸੀ। ਇਸ ਵਕਤ ਕੇਂਦਰ ਦੀ ਕਮਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਨਰਿੰਦਰ ਮੋਦੀ ਨੇ ਸੰਭਾਲ ਲਈ ਅਤੇ ਉਸ ਕੋਲ ਏਨੀ ਵੱਡੀ ਬਹੁ-ਗਿਣਤੀ ਦੀ ਤਾਕਤ ਆ ਗਈ ਹੈ ਕਿ ਉਹ ਜਿਸ ਤਰ੍ਹਾਂ ਚਾਹੇ, ਭਾਰਤ ਨੂੰ ਗੁਜਰਾਤ ਵਰਗਾ ਗੜ੍ਹ ਸਮਝ ਕੇ ਰਾਜ ਚਲਾ ਸਕਦਾ ਹੈ। ਪੰਜਾਬ ਦੇ ਅੰਦਰ ਕੀ ਕੁਝ ਵਾਪਰਦਾ ਹੈ, ਇਸ ਦੀ ਉਸ ਨੂੰ ਇੱਕਦਮ ਚਿੰਤਾ ਕਰਨ ਦੀ ਕਾਹਲ ਨਹੀਂ, ਇਸ ਦੀ ਥਾਂ ਉਸ ਦਾ ਧਿਆਨ ਵੀ ਅਤੇ ਉਸ ਦੇ ਗ੍ਰਿਹ ਮੰਤਰੀ ਬਣਾਏ ਪਾਰਟੀ ਪ੍ਰਧਾਨ ਅਮਿਤ ਸ਼ਾਹ ਦਾ ਸਾਰਾ ਧਿਆਨ ਵੀ ਪੱਛਮੀ ਬੰਗਾਲ ਵੱਲ ਹੈ। ਬੀਤੇ ਹਫਤੇ ਇੱਕ ਦਿਨ ਭਾਜਪਾ ਦੇ ਸੂਬਾਈ ਆਗੂਆਂ ਦੀ ਮੀਟਿੰਗ ਵਿੱਚ ਅਮਿਤ ਸ਼ਾਹ ਨੂੰ ਇਸ ਪੜਾਅ ਤੱਕ ਪਹੁੰਚਣ ਲਈ ਹਰ ਇੱਕ ਆਗੂ ਵਧਾਈ ਦੇ ਰਿਹਾ ਸੀ ਤੇ ਉਸ ਨੇ ਇਹ ਕਹਿ ਕੇ ਸਿਲਸਿਲਾ ਰੋਕ ਦਿੱਤਾ ਕਿ ਭਾਜਪਾ ਅਜੇ ਆਪਣੇ ਸਿਖਰ ਤੱਕ ਨਹੀਂ ਪਹੁੰਚੀ, ਵਧਾਈਆਂ ਉਸ ਪੜਾਅ ਉੱਤੇ ਪਹੁੰਚ ਕੇ ਲਵਾਂਗੇ ਅਤੇ ਦੇਵਾਂਗੇ। ਇਸ ਦਾ ਅਰਥ ਸਭ ਨੂੰ ਪਤਾ ਹੈ।

ਅਸੀਂ ਇਸ ਵਕਤ ਦੇਸ਼ ਦੀ ਰਾਜਨੀਤੀ ਦੀ ਗੱਲ ਕਰਨ ਦੀ ਥਾਂ ਸਾਡੇ ਪੰਜਾਬ ਦੀ ਕਰਨੀ ਚਾਹਾਂਗੇ, ਜਿਸ ਦੇ ਅੰਦਰ ਜੋ ਕੁਝ ਵਾਪਰਦਾ ਪਿਆ ਹੈ, ਉਹ ਇਸ ਦੀ ਭੱਲ ਬਣਾਉਣ ਦੀ ਥਾਂ ਇਸ ਦੇ ਮੰਦੇ ਹਾਲਾਤ ਪੇਸ਼ ਕਰਨ ਵਾਲਾ ਹੈ। ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦਾ ਤਕੜਾ ਬਹੁ-ਮੱਤ ਬੇਸ਼ੱਕ ਸਵਾ ਦੋ ਸਾਲ ਪਹਿਲਾਂ ਬਣ ਗਿਆ ਸੀ ਅਤੇ ਉਸ ਪਿੱਛੋਂ ਉਸ ਦੀ ਤਾਕਤ ਵਿਧਾਨ ਸਭਾ ਦੀ ਸ਼ਾਹਕੋਟ ਵਾਲੀ ਉੱਪ ਚੋਣ ਅਤੇ ਕੁਝ ਦਲ-ਬਦਲੀਆਂ ਨਾਲ ਵਧਦੀ ਗਈ ਹੈ, ਪਰ ਸਰਕਾਰ ਦੇ ਅੰਦਰਲੀ ਖਹਿਬੜ ਇਸ ਦਾ ਖਹਿੜਾ ਇਸ ਵਾਰ ਵੀ ਨਹੀਂ ਛੱਡਦੀ ਜਾਪਦੀ। ਇਸ ਵਾਰ ਦਾ ਅਰਥ ਸਿੱਧਾ ਜਿਹਾ ਹੈ ਕਿ ਪਹਿਲਾਂ ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ ਵਿੱਚ ਜਿਹੜੇ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਉਸ ਦੀਆਂ ਜੜ੍ਹਾਂ ਉੱਤੇ ਟੱਕ ਲਾਉਣ ਦੇ ਰਾਹ ਪਾਇਆ ਸੀ, ਉਹ ਆਖਰ ਨੂੰ ਪਾਰਟੀ ਛੱਡਣ ਤੱਕ ਚਲੇ ਗਏ ਸਨ। ਹਰਚਰਨ ਸਿੰਘ ਬਰਾੜ ਦੇ ਵਕਤ ਪਾਰਟੀ ਦਾ ਇੱਕ ਵੱਡਾ ਧੜਾ ਦਿੱਲੀ ਵਿੱਚ ਮੁੱਖ ਮੰਤਰੀ ਬਦਲਣ ਦੀ ਮੰਗ ਲਈ ਡੇਰੇ ਲਾਈ ਬੈਠਾ ਰਿਹਾ ਸੀ ਤੇ ਉਹੀ ਧੜਾ ਕੁਝ ਸਾਲ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਛੁਡਾਉਣ ਦੀ ਮੰਗ ਲਈ ਜਾ ਬੈਠਾ ਤਾਂ ਪਾਰਟੀ ਵਿੱਚ ਪਾਟਕ ਪੈਣ ਤੋਂ ਮਸਾਂ ਰੁਕਿਆ ਸੀ। ਓਦੋਂ ਦੋਵੇਂ ਵਾਰੀ ਇਹ ਸੁਣਿਆ ਗਿਆ ਸੀ ਕਿ ਉਸ ਧੜੇ ਨੂੰ ਕਾਂਗਰਸ ਹਾਈ ਕਮਾਨ ਦੇ ਕੁਝ ਲੀਡਰਾਂ ਨੇ ਆਪ ਮੌਕੇ ਦੇ ਮੁੱਖ ਮੰਤਰੀ ਵਿਰੁੱਧ ਸੁਰ ਤੇਜ਼ ਕਰਨ ਨੂੰ ਕਿਹਾ ਸੀ ਅਤੇ ਇਹੋ ਕੁਝ ਇਸ ਵੇਲੇ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਖਿੱਚੋਤਾਣ ਵਿੱਚ ਕਿਹਾ ਜਾ ਰਿਹਾ ਹੈ। ਚਰਚਾ ਇਹ ਹੈ ਕਿ ਕਾਂਗਰਸ ਹਾਈ ਕਮਾਨ ਵਿੱਚ ਬੈਠੇ ਕੁਝ ਲੋਕ ਇਸ ਗੱਲ ਤੋਂ ਬੜੇ ਫਿਕਰਮੰਦ ਰਹਿੰਦੇ ਹਨ ਕਿ ਫਲਾਣੇ ਰਾਜ ਵਿਚਲਾ ਫਲਾਣਾ ਆਗੂ ਵੱਡਾ ਹੋਈ ਜਾਂਦਾ ਹੈ, ਉਸ ਦੇ ਅੱਗੇ ਅੜਿੱਕੇ ਨਾ ਲਾਏ ਤਾਂ ਵੱਡਾ ਕੱਦ ਬਣਨ ਮਗਰੋਂ ਸਾਡੇ ਲਈ ਔਕੜਾਂ ਦਾ ਕਾਰਨ ਬਣੇਗਾ। ਉਨ੍ਹਾਂ ਨੂੰ ਪਾਰਟੀ ਦੇ ਵਿਕਾਸ ਨਾਲੋਂ ਵੱਧ ਸੂਬਾਈ ਆਗੂਆਂ ਦਾ ਕੱਦ ਛਾਂਗਣ ਦੀ ਚਿੰਤਾ ਰਹਿੰਦੀ ਹੈ।



ਨਵਜੋਤ ਸਿੰਘ ਸਿੱਧੂ ਨੂੰ ਅਸੀਂ ਬੁਰਾ ਬੰਦਾ ਨਹੀਂ ਮੰਨ ਸਕਦੇ, ਉਹ ਈਮਾਨਦਾਰ ਬੰਦਾ ਹੈ, ਮਿਹਨਤੀ ਵੀ ਪੂਰਾ ਹੈ, ਪਰ ਉਸ ਵਿੱਚ ਇੱਕ ਕਮਜ਼ੋਰੀ ਹੈ ਕਿ ਉਹ ਮੀਡੀਏ ਸਾਹ-ਮਣੇ ਜਾਣ ਵੇਲੇ ਚੇਤਾ ਨਹੀਂ ਰੱਖਦਾ ਕਿ ਉਸ ਦੇ ਸਿਰ ਜਿਹੜੀ ਜ਼ਿਮੇਵਾਰੀ ਹੈ, ਉਹ ਕਿਸੇ ਜ਼ਾਬਤੇ ਤੇ ਬੰਧੇਜ ਦੀ ਮੰਗ ਕਰਦੀ ਹੈ। ਫਿਰ ਵੀ ਸਿੱਧੂ ਦੇ ਮਾਮਲੇ ਨਾਲ ਕਿਵੇਂ ਨਜਿੱਠਣਾ ਹੈ ਤੇ ਸਰਕਾਰ ਕਿਵੇਂ ਚਲਾਉਣੀ ਹੈ, ਇਹ ਕਾਂਗਰਸ ਪਾਰਟੀ ਦਾ ਕੰਮ ਹੈ, ਸਾਡੇ ਸੋਚਣ ਲਈ ਹੋਰ ਮੁੱਦੇ ਬੜੇ ਹਨ। ਬੀਤੇ ਹਫਤੇ ਇੱਕ ਮੁੱਦਾ ਇੱਕ ਬੰਦ ਪਏ ਬੋਰ-ਵੈੱਲ ਵਿੱਚ ਇੱਕ ਬੱਚੇ ਦੇ ਡਿੱਗ ਪੈਣ ਅਤੇ ਫਿਰ ਮਾਰੇ ਜਾਣ ਨਾਲ ਉੱਭਰਿਆ ਤਾਂ ਸਾਰਾ ਪੰਜਾਬ ਪੰਜ ਦਿਨ ਸੁੱਕਣੇ ਪਿਆ ਰਿਹਾ ਸੀ। ਇਸ ਨਾਲ ਨਜਿੱਠਣ ਵਿੱਚ ਓਥੋਂ ਦੇ ਪ੍ਰਸ਼ਾਸਨ ਤੇ ਇੱਕ ਜ਼ਿਮੇਵਾਰ ਮੰਤਰੀ ਦੇ ਗੈਰ-ਜ਼ਿਮੇਵਾਰ ਵਿਹਾਰ ਦੀ ਚਰਚਾ ਵੀ ਹੋਈ ਸੀ ਤੇ ਉਸ ਬਾਰੇ ਸਰਕਾਰ ਨੇ ਕਾਰਵਾਈ ਕੀ ਕੀਤੀ ਹੈ, ਇਸ ਬਾਰੇ ਆਮ ਲੋਕ ਅਜੇ ਤੱਕ ਨਹੀਂ ਜਾਣਦੇ। ਫਿਰ ਇਹ ਹੋਇਆ ਕਿ ਮੁੱਖ ਮੰਤਰੀ ਨੇ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਭੇਜ ਦਿੱਤਾ ਕਿ ਇਹੋ ਜਿਹੇ ਖੁੱਲ੍ਹੇ ਪਏ ਬੋਰ-ਵੈੱਲ ਗਿਣ ਕੇ ਦੱਸੇ ਜਾਣ ਅਤੇ ਬੰਦ ਕਰਵਾਏ ਜਾਣ ਤੇ ਇਹ ਕੰਮ ਮਸਾਂ ਚੌਵੀ ਘੰਟੇ ਵਿੱਚ ਹੋ ਗਿਆ। ਸਰਕਾਰ ਦੀ ਕਮਾਲ ਦੀ ਫੁਰਤੀ ਨੇ ਹਾਸੋਹੀਣੀ ਸਥਿਤੀ ਬਣਾ ਦਿੱਤੀ। ਐਡਾ ਵੱਡਾ ਪੰਜਾਬ ਤੇ ਮਸਾਂ ਛਿਆਲੀ ਬੋਰ-ਵੈੱਲ ਏਦਾਂ ਖੁੱਲ੍ਹੇ ਪਏ ਹੋਣ ਦੀ ਰਿਪੋਰਟ ਆ ਗਈ, ਜਿਨ੍ਹਾਂ ਵਿੱਚੋਂ ਛੱਬੀ ਇੱਕੋ ਜ਼ਿਲੇ ਫਤਿਹਗੜ੍ਹ ਸਾਹਿਬ ਦੇ ਸਨ। ਉਹ ਛੋਟਾ ਜਿਹਾ ਜ਼ਿਲਾ ਹੈ ਤੇ ਓਥੇ ਛੱਬੀ ਨਿਕਲ ਆਏ ਤੇ ਲੁਧਿਆਣੇ ਵਰਗੇ ਵੱਡੇ-ਵੱਡੇ ਜ਼ਿਲਿਆਂ ਤੋਂ ਵਿਧਾਨ ਸਭਾ ਹਲਕਿਆਂ ਜਿੰਨੇ ਵੀ ਨਹੀਂ ਨਿਕਲੇ, ਇਸ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਆਮ ਲੋਕ ਕਹਿ ਰਹੇ ਹਨ ਕਿ ਪੰਜਾਬ ਵਿੱਚ ਏਦਾਂ ਦੇ ਬੋਰ-ਵੈੱਲ ਬਹੁਤ ਸਾਰੇ ਖੁੱਲ੍ਹੇ ਪਏ ਹਨ, ਅਫਸਰਾਂ ਨੇ ਚੌਵੀ ਘੰਟੇ ਦੀ ਹੱਦ ਵਿੱਚ ਸਰਕਾਰ ਦੀ ਸ਼ਾਬਾਸ਼ ਲੈਣ ਲਈ ਹੱਥੋ-ਹੱਥੀ ਆਈ ਜਾਣਕਾਰੀ ਅੱਗੇ ਭਿਜਵਾਈ ਤੇ ਸਰਕਾਰ ਨੇ ਇਸ ਨੂੰ ਸੱਚ ਮੰਨ ਕੇ ਕੰਮ ਮੁਕਾ ਛੱਡਿਆ ਹੈ।

ਦੂਸਰਾ ਮੁੱਦਾ ਇਸ ਵਕਤ ਪੰਜਾਬ ਵਿੱਚ ਹੁੰਦੀ ਗੁੰਡਾਗਰਦੀ ਦਾ ਹੈ। ਪੰਜਾਬ ਵਿੱਚ ਕਈ ਏਹੋ ਜਿਹੇ ਰਾਜਸੀ ਗੁੰਡੇ ਹਨ ਅਤੇ ਉਨ੍ਹਾਂ ਬਾਰੇ ਸਥਾਨਕ ਲੋਕਾਂ ਨੂੰ ਪਤਾ ਹੁੰਦਾ ਹੈ, ਜਿਹੜੇ ਹਮੇਸ਼ਾ ਰਾਜ ਕਰਦੀ ਪਾਰਟੀ ਤੇ ਪੁਲਸ ਅਫਸਰਾਂ ਦੇ ਨਾਲ ਮਿਲ ਕੇ ਹਰ ਹੱਦ ਟੱਪਣ ਤੱਕ ਚਲੇ ਜਾਂਦੇ ਹਨ। ਮੁਕਤਸਰ ਸਾਹਿਬ ਵਿੱਚ ਇੱਕ ਔਰਤ ਨੂੰ ਘਰੋਂ ਧੂਹਣ ਤੇ ਸੜਕ ਉੱਪਰ ਲਿਆ ਕੇ ਬੁਰੀ ਤਰ੍ਹਾਂ ਕੁੱਟਣ ਵਾਲੇ ਗੁੰਡੇ ਦਾ ਭਰਾ ਓਥੇ ਕੌਂਸਲਰ ਹੈ। ਪਿਛਲੀ ਸਰਕਾਰ ਵੇਲੇ ਅਕਾਲੀ ਦਲ ਦੇ ਨਾਲ ਰਿਹਾ ਉਹ ਬੰਦਾ ਅੱਜ-ਕੱਲ੍ਹ ਕਾਂਗਰਸ ਪਾਰਟੀ ਦਾ ਵਰਕਰ ਬਣਿਆ ਪਿਆ ਹੈ। ਲਗਭਗ ਹਰ ਸ਼ਹਿਰ ਵਿੱਚ ਏਦਾਂ ਦੇ ਦਸ-ਬਾਰਾਂ ਗੁੰਡੇ ਹਰ ਵਾਰੀ ਚੋਣਾਂ ਵਿੱਚ ਜੇਤੂ ਪਾਰਟੀ ਦੇ ਪੱਖ ਵਿੱਚ ਹੁੰਦੇ ਅਤੇ ਫਿਰ ਲੋਕਾਂ ਨੂੰ ਪਹਿਲੇ ਹਾਕਮਾਂ ਦੇ ਵਕਤ ਜਿਵੇਂ ਕੁੱਟਦੇ ਰਹੇ ਸਨ, ਓਸੇ ਤਰ੍ਹਾਂ ਕੁੱਟਣ ਲੱਗੇ ਰਹਿੰਦੇ ਹਨ। ਹਰ ਸ਼ਹਿਰ ਤੋਂ ਹਫਤਾ ਵਸੂਲੀ ਵੱਡੇ ਬਾਜ਼ਾਰਾਂ ਤੱਕ ਹੀ ਨਹੀਂ, ਮੁਹੱਲਿਆਂ ਵਿੱਚ ਚੱਲਦੀਆਂ ਹਫਤਾਵਾਰੀ ਮੰਡੀਆਂ ਤੱਕ ਵੀ ਹੁੰਦੀ ਹੈ। ਪਿਛਲੀ ਸਰਕਾਰ ਦੇ ਵਕਤ ਇੱਕ ਦਿਨ ਲੁਧਿਆਣੇ ਦੀ ਸਬਜ਼ੀ ਮੰਡੀ ਵਿੱਚ ਕਤਲ ਦੀ ਘਟਨਾ ਵਾਪਰੀ ਤਾਂ ਪਤਾ ਲੱਗਾ ਕਿ ਓਥੇ ਦੋ ਗੁੰਡਿਆਂ ਨੇ ਮੰਡੀ ਦੀ ਵੰਡ ਇਸ ਤਰ੍ਹਾਂ ਕੀਤੀ ਹੋਈ ਸੀ ਕਿ ਇੱਕ ਚੌਧਰੀ ਉਸ ਮੰਡੀ ਦੇ ਅੰਦਰੋਂ ਹਫਤਾ ਵਸੂਲਦਾ ਸੀ ਤੇ ਦੂਸਰਾ ਬਾਹਰ ਰੇੜ੍ਹੀਆਂ ਲਾਉਣ ਵਾਲੇ ਗਰੀਬਾਂ ਦੀ ਜੇਬ ਕੱਟਦਾ ਸੀ। ਇੱਕ ਦਿਨ ਰੇੜ੍ਹੀ ਵਾਲਾ ਗਰੀਬ ਬੰਦਾ ਬਾਹਰੋਂ ਮੰਡੀ ਵਿੱਚ ਚਲਾ ਗਿਆ ਤੇ ਅੰਦਰਲੇ ਨੇ ਪਕੜ ਕੇ ਚੱਟੀ ਭਰਨ ਨੂੰ ਕਹਿ ਦਿੱਤਾ ਤਾਂ ਬਾਹਰ ਵਾਲਾ ਮਦਦ ਕਰਨ ਲਈ ਪਹੁੰਚ ਗਿਆ। ਫਿਰ ਦੋਵਾਂ ਵਿੱਚ ਗੋਲੀ ਚੱਲੀ ਤੇ ਇੱਕ ਜਣੇ ਦੀ ਮੌਤ ਹੋ ਗਈ। ਬਾਅਦ ਵਿੱਚ ਇਹ ਪਤਾ ਲੱਗਾ ਸੀ ਕਿ ਦੋਵੇਂ ਗੁੰਡੇ ਅਕਾਲੀ ਪਾਰਟੀ ਦੇ ਇੱਕੋ ਮੰਤਰੀ ਦੇ ਚਾਟੜੇ ਸਨ ਤੇ ਅੰਦਰ ਅਤੇ ਬਾਹਰ ਦਾ ਹਫਤਾ ਵਸੂਲੀ ਦਾ ਅਧਿਕਾਰ ਖੇਤਰ ਵੀ ਉਸ ਮੰਤਰੀ ਨੇ ਵੰਡ ਕੇ ਦਿੱਤਾ ਸੀ। ਓਦੋਂ ਦੇ ਹਫਤਾ ਵਸੂਲੀਆਂ ਕਰਨ ਵਾਲੇ ਗੁੰਡੇ ਕਾਂਗਰਸ ਦੀ ਸਰਕਾਰ ਬਣਨ ਪਿੱਛੋਂ ਸਾਧ ਨਹੀਂ ਬਣ ਗਏ, ਸਗੋਂ ਸਵਾ ਦੋ ਸਾਲ ਲੰਘਣ ਪਿੱਛੋਂ ਲੋਕਾਂ ਦਾ ਕਹਿਣਾ ਹੈ ਕਿ ਇਹੋ ਜਿਹੇ ਕਈ ਗੁੰਡੇ ਨਵੇਂ ਪੈਦਾ ਹੋ ਗਏ ਹਨ ਤੇ ਉਨ੍ਹਾਂ ਦੀ ਪਿੱਠ ਉੱਤੇ ਕਾਂਗਰਸੀ ਮੰਤਰੀਆਂ ਦੇ ਹੋਣ ਦੀ ਚਰਚਾ ਆਮ ਲੋਕ ਮੂੰਹੋਂ-ਮੂੰਹ ਕਰਦੇ ਹਨ। ਇਨ੍ਹਾਂ ਗੱਲਾਂ ਵੱਲ ਕਦੀ ਸਰਕਾਰ ਦਾ ਧਿਆਨ ਹੀ ਨਹੀਂ ਜਾਂਦਾ ਜਾਪਦਾ।

ਅਸੀਂ ਸਿਰਫ ਦੋ-ਤਿੰਨ ਵੱਡੇ ਮੁੱਦੇ ਛੋਹੇ ਹਨ, ਜੇ ਪੰਜਾਬ ਦੀ ਸਮੁੱਚੀ ਹਾਲਤ ਪੇਸ਼ ਕਰਨੀ ਹੋਵੇ ਤਾਂ ਚੁਗੱਤਿਆਂ ਦੇ ਰਾਜ ਵਰਗਾ ਨਮੂਨਾ ਪੇਸ਼ ਕੀਤਾ ਜਾ ਸਕਦਾ ਹੈ। ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਖਾਸ ਫਰਕ ਨਹੀਂ ਪੈਂਦਾ ਕਿ ਨਵਜੋਤ ਸਿੰਘ ਸਿੱਧੂ ਮੰਤਰੀ ਰਹਿੰਦਾ ਹੈ ਕਿ ਨਹੀਂ ਜਾਂ ਉਸ ਕੋਲ ਕਿਹੜਾ ਮਹਿਕਮਾ ਹੋਵੇਗਾ, ਪਰ ਜਿਹੜੇ ਹਾਲਾਤ ਉਹ ਭੁਗਤ ਰਹੇ ਹਨ, ਉਨ੍ਹਾਂ ਬਾਰੇ ਆਮ ਲੋਕਾਂ ਦੀ ਨਾਰਾਜ਼ਗੀ ਕਿਸੇ ਦਿਨ ਕਿਸੇ ਵੱਡੇ ਉਬਾਲੇ ਦਾ ਕਾਰਨ ਬਣ ਸਕਦੀ ਹੈ।

# ਕਹਾਣੀ - ਹਿੱਸਾ

-ਅਮਨ ਮਾਨਸਾ

ਦਿਨ ਛਿਪ ਰਿਹਾ ਸੀ। ਸੂਰਜ ਪਹਾੜਾਂ ਦੀਆਂ ਟੀਸੀਆਂ ਨਾਲ ਲੁਕਣਮੀਟੀ ਖੇਡ ਰਿਹਾ ਸੀ। ਮੈਂ ਉਸ ਦਿਨ ਆਪਣੀ ਡਿਊਟੀ ਪੂਰੀ ਕਰਕੇ ਕੰਪਨੀ ਦੀਆਂ ਬੈਰਕਾਂ ਵੱਲ ਮਸਤੀ ਕਰਦਾ ਜਾ ਰਿਹਾ ਸੀ। ਜਦੋਂ ਬੈਰਕ ਵਿੱਚ ਪਹੁੰਚਿਆ ਤਾਂ ਵੇਖਿਆ ਕਿ ਜਿੰਦਰ ਮੰਜੇ 'ਤੇ ਪਿਆ ਸੀ। ਉਸ ਨੇ ਚਿਹਰਾ ਬਾਂਹ ਨਾਲ ਢਕਿਆ ਹੋਇਆ ਸੀ। ਮੈਂ ਉਸ ਨੂੰ ਇਸ ਤਰ੍ਹਾਂ ਪਿਆ ਵੇਖ ਕੇ ਕਿਹਾ, 'ਕਿਵੇਂ ਲਾਲੇ ਦੀ ਜਾਨ, ਕੀਹਦੇ ਖਿਆਲਾਂ 'ਚ ਤਾਰੀਆਂ ਲਾਈਆਂ ਜਾਂਦੈ।'

ਜਿੰਦਰ ਮੇਰੇ ਵੱਲ ਵੇਖ ਕੇ ਉਦਾਸੀ ਦੇ ਲਹਿਜੇ ਨਾਲ ਬੋਲਿਆ, 'ਕੁਝ ਨਹੀਂ ਯਾਰ, ਬੱਸ ਘਰ ਦੀ ਯਾਦ ਆ ਗਈ।'

'ਓਏ ਹੋਏ! ਕਿੱਡਾ ਝੂਠ, ਉਹ ਵੀ ਦਿਨ ਦਿਹਾੜੇ। ਇਹ ਕਿਉਂ ਨਹੀਂ ਕਹਿੰਦਾ ਬਈ ਭਰਜਾਈ ਦੀ ਯਾਦ ਆ ਗਈ। ਅਜੇ ਤਾਂ ਮੰਗਣਾ ਈ ਹੋਇਐ। ਵਿਆਹ ਤੋਂ ਬਾਅਦ ਕੀ ਬਣੂ ਤੇਰਾ! ਕਹਿ ਕੇ ਮੈਂ ਆਪਣੇ ਬੂਟ ਉਤਾਰਨ ਲੱਗ ਪਿਆ।

ਜਿੰਦਰ ਦੇ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ ਆ ਗਈ। ਉਹ ਉਠ ਕੇ ਬੈਠ ਗਿਆ ਅਤੇ ਕਹਿਣ ਲੱਗਾ, 'ਓ ਨਹੀਂ ਯਾਰ। ਇਹ ਗੱਲ ਨਹੀਂ। ਤੂੰ ਵੀ ਸਾਰਾ ਦਿਨ ਹੋਰ ਈ ਸਟੇਸ਼ਨ ਫੜੀ ਰੱਖਦੈਂ।'

ਮੈਂ ਉਸ ਦੇ ਸਾਹਮਣੇ ਡਾਹੇ ਮੰਜੇ 'ਤੇ ਬੈਠ ਗਿਆ। ਮੈਂ ਉਸ ਦਾ ਮਨ ਠੀਕ ਕਰਨ ਦੇ ਇਰਾਦੇ ਨਾਲ ਕਹਿਣ ਲੱਗਾ, 'ਜਿੰਦਰਾ, ਤੈਨੂੰ ਪਤਾ ਈ ਐ, ਏਥੇ ਮਰੂੰ-ਮਰੂੰ ਕਰਕੇ ਦਿਨ ਨਹੀਂ ਲੰਘਦੇ। ਪਤਾ ਨਹੀਂ ਕਦੋਂ ਕੀ ਹੋ ਜਾਵੇ। ਨਾਲੇ ਤੈਨੂੰ ਕੀ ਹੋ ਪਿਆ? ਮੈਂ ਤਾਂ ਕਦੇ ਨਹੀਂ ਵੇਖਿਆ ਤੇਰਾ ਅਜਿਹਾ ਹਾਲ।'

ਉਹ ਮੈਨੂੰ ਜਵਾਬ ਦੇਣ ਲੱਗਾ, 'ਅਸਲ ਵਿੱਚ ਅੱਜ ਮੈਨੂੰ ਦੁਪਹਿਰੇ ਨੀਂਦ ਆ ਗਈ ਤੇ ਮੈਨੂੰ ਅਜੀਬ ਜਾ ਸੁਪਨਾ ਆਇਆ ਸੀ। ਮੈਂ ਆਪਣੇ ਬਾਪੂ ਦੀ ਉਂਗਲ ਫੜੀ ਸਕੂਲ ਜਾ ਰਿਹਾ ਸੀ, ਜਿਵੇਂ ਪਹਿਲੀ ਜਮਾਤ ਵਿੱਚ ਦਾਖਲਾ ਲੈਣ ਸਮੇਂ ਗਿਆ ਹੋਵਾਂ। ਤੂੰ ਵੀ ਓਥੇ ਭੱਜਿਆ ਫਿਰਦਾ ਸੀ। ਫਿਰ ਪਤਾ ਨਹੀਂ ਕਿਵੇਂ ਆਪਾਂ ਇਕਦਮ ਵੱਡੇ ਸਾਰੇ ਹੋ ਗਏ। ਇਹੀ ਪਤਾ ਲੱਗਿਆ ਬਈ ਆਪਣਾ ਦਸਵੀਂ ਜਮਾਤ ਦਾ ਨਤੀਜਾ ਆਇਆ ਪਿਆ ਸੀ ਤੇ ਆਪਣੀ ਰੀਪੀਅਰ। ਜਦ ਘਰ ਜਾ ਕੇ ਨਤੀਜਾ ਦੱਸਿਆ ਤਾਂ ਬਾਪੂ ਦੁਖੀ ਹੋ ਗਿਆ। ਉਸ ਨੇ ਆਪਣਾ ਗੁੱਸਾ ਕੱਢਦਿਆਂ ਮੇਰੀ ਗਿੱਚੀ 'ਤੇ ਕੜਾਅ ਦੇਣੇ ਮਾਰਿਆ। ਕੋਲ ਖੜੀ ਮਾਂ ਵਿਚਕਾਰ ਆ ਬੋਲ ਪਈ, 'ਇਹ ਕੀ ਕਰਦੈਂ, ਜਵਾਨ ਮੁੰਡੇ ਨੂੰ ਇਉਂ ਮਾਰੀਦੈ!'

ਬਾਪੂ ਦਾ ਅੰਦਰਲਾ ਦਰਦ ਫੁੱਟ ਪਿਆ। ਉਹ ਬੋਲਣ ਲੱਗਾ, 'ਹੋਰ ਮੈਂ ਕੀ ਕਰਾਂ, ਇਹਦੀ ਆਸ ਸੀ ਬਈ ਪੜ੍ਹ ਲਿਖ ਜਾਊ। ਘਰ ਦਾ ਮੂੰਹ ਸਿਰ ਬਣ ਜਾਊ, ਪਰ ਨਹੀਂ ਇਹ ਤਾਂ..। ਸ਼ਰਮ ਕਰ ਕੁਝ, ਸਾਰੀ ਉਮਰ ਮੇਰੇ ਵਾਂਗੂੰ ਭਾਰ ਢੋਂਦਾ ਮਰ ਜੇਂਗਾ।' ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਅੱਖ ਖੁੱਲ੍ਹ ਗਈ। ਸਾਹਮਣੇ ਤਾਂ ਕੁਝ ਨਹੀਂ ਸੀ ਅਜਿਹਾ, ਪਰ ਮਨ ਜ਼ਰੂਰ ਉਦਾਸ ਹੋ ਗਿਆ।'

ਮੈਂ ਉਠ ਕੇ ਉਸ ਦਾ ਮੋਢਾ ਹਿਲਾ ਕੇ ਕਿਹਾ, 'ਯਾਰ, ਐਨਾ ਨਾ ਸੋਚਿਆ ਕਰ। ਜੇ ਸਾਰਾ ਦਿਨ ਇਹ ਕੁਝ ਸੋਚਦਾ ਰਹਿੰਦੈਂ ਤਾਂ ਹੀ ਸੁਪਨੇ ਆਉਂਦੇ ਨੇ।'

ਜਿੰਦਰ ਨੇ ਮੇਰੇ ਮੋਢੇ 'ਤੇ ਰੱਖੇ ਹੱਥ ਨੂੰ ਆਪਣੇ ਹੱਥ ਨਾਲ ਘੁੱਟਿਆ। ਫਿਰ ਕਹਿਣ ਲੱਗਾ, 'ਧਰਮੇ ਯਾਰ, ਉਂਜ ਇਕ ਗੱਲ ਐ, ਜਿਉਂਦੇ ਰਹਿਣ ਦਵਿੰਦਰ ਸਰ, ਜੇ ਉਹ ਨਾ ਹੁੰਦੇ ਤਾਂ ਨਾ ਆਪਣੇ ਤੋਂ ਦਸਵੀਂ ਪਾਸ ਹੋਣੀ ਸੀ ਤੇ ਨਾ ਆਪਣੇ ਤੋਂ ਫੌਜ 'ਚ ਭਰਤੀ ਹੋਇਆ ਜਾਣਾ ਸੀ।'

ਉਸ ਦੀ ਇਸ ਗੱਲ ਨੇ ਮੈਨੂੰ ਵੀ ਸੋਚਣ ਨੂੰ ਮਜਬੂਰ ਕਰ ਦਿੱਤਾ। ਮੈਂ ਉਸ ਦੀ ਹਾਂ 'ਚ ਹਾਂ ਮਿਲਾਈ। ਫਿਰ ਜਿੰਦਰ ਕਹਿਣ ਲੱਗਾ, 'ਮੈਂ ਤਾਂ ਕਈ ਵਾਰ ਸੋਚਦਾ ਹੁੰਦਾਂ ਕਿ ਸਕੂਲ ਦੀ ਤਰੱਕੀ ਵਾਸਤੇ ਕੁਝ ਕਰੀਏ ਜਿਸ ਨੇ ਆਪਾਂ ਨੂੰ ਪੈਰਾਂ ਸਿਰ ਕਰ ਦਿੱਤਾ। ਇਸ ਵਾਰ ਮੈਂ ਦਵਿੰਦਰ ਸਰ ਕੋਲ ਗਿਆ ਵੀ ਸੀ। ਇਸ ਸਬੰਧੀ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੀ ਦਿੱਤੀ ਸ਼ਾਬਾਸ਼ੀ ਨਾਲ ਅਥਾਹ ਖੁਸ਼ੀ ਮਿਲੀ। ਉਨ੍ਹਾਂ ਕਿਹਾ ਕਿ ਆਪਾਂ ਪਲੈਨਿੰਗ ਬਣਾ ਕੇ ਕੰਮ ਕਰਾਂਗੇ। ਮੈਂ ਇਹ ਵੀ ਕਹਿ ਆਇਆ ਸੀ ਕਿ ਕਿਸੇ ਗਰੀਬ ਬੱਚੇ ਦੀ ਫੀਸ ਭਰਨੀ ਹੋਈ ਤਾਂ ਸੇਵਾ ਦਾ ਮੌਕਾ ਦੇਣਾ।'

ਮੈਨੂੰ ਉਸ ਦੀ ਉਦਾਸੀ ਦੂਰ ਹੁੰਦੀ ਲੱਗੀ। ਮੈਂ ਗੱਲ ਬਦਲਦਿਆਂ ਕਿਹਾ, 'ਬਹੁਤ ਚੰਗਾ ਕੀਤਾ। ਉਨ੍ਹਾਂ ਦੇ ਉਪਕਾਰ ਨੂੰ ਹਰ ਪਲ ਸਿਜਦਾ ਕਰਦੇ ਆਂ। ਮੈਨੂੰ ਤਾਂ ਉਹ ਘਟਨਾ ਯਾਦ ਰਹੂ ਜਦੋਂ ਛੁੱਟੀ ਕੱਟਣ ਗਏ ਸੀ। ਤੁਸੀਂ ਸਾਰਿਆਂ ਨੇ ਮੈਨੂੰ ਹਵਾ ਦੇ ਕੇ ਤੂੜੀ ਵਾਲੀਆਂ ਪੰਡਾਂ ਖੋਲ੍ਹਣ ਲਾ ਦਿੱਤਾ ਸੀ। ਪਤਾ ਨਹੀਂ ਕਿਵੇਂ ਪੈਰ ਤਿਲ੍ਹਕਿਆ, ਆਪ ਤਾਂ ਡਿੱਗਣਾ ਸੀ ਤਿੰਨੇ ਚਾਰੇ ਪੰਡਾਂ ਵੀ ਉਤੇ ਆ ਡਿੱਗੀਆਂ।'

ਜਿੰਦਰ ਦੇ ਚਿਹਰੇ 'ਤੇ ਹਾਸੀ ਆ ਗੀ। ਮੈਂ ਵੀ ਹੱਸਣ ਲੱਗਾ। ਉਹ ਕਹਿਣ ਲੱਗਾ, 'ਹਾਂ, ਉਸ ਦਿਨ ਤਾਂ ਤੇਰੀ ਸ਼ਕਲ ਵੇਖਣ ਵਾਲੀ ਸੀ। ਵੈਸੇ ਉਸ ਨੇ ਆਪਾਂ ਨੂੰ ਰੰਗਰੂਟੀ ਸੌਖੀ ਲੱਗਣ ਲਾ ਦਿੱਤੀ ਸੀ।'

ਮੈਂ ਹੱਥ ਮਾਰਦਾ ਬੋਲਿਆ, 'ਚੱਲ ਹੁਣ ਤੂੰ ਤਿਆਰ ਹੋ। ਮੈਂ ਰੋਟੀ ਲੈ ਕੇ ਆਉਂਦਾ ਹਾਂ। ਨਾਲੇ ਮੇਰੀ ਮੁਫਤ ਦੀ ਸਲਾਹ ਐ ਤੈਨੂੰ। ਤੂੰ ਦਿਨੇ ਸੌਂਇਆ ਨਾ ਕਰ।'

ਜਿੰਦਰ ਹੱਥ ਜੋੜ ਕੇ ਮੈਨੂੰ ਕਹਿਣ ਲੱਗਾ, 'ਜਾਓ ਬਾਬਾ ਜੀ ਜਾਓ। ਮਾਣ ਕੇ ਕਸ਼ਮੀਰ ਦਾ ਹੁਸਨ, ਲੱਗ ਗਿਆ ਪ੍ਰਵਚਨ ਦੇਣ। ਸਾਨੂੰ ਪੁੱਛ ਕੇ ਵੇਖ ਜਿਹੜੇ ਰਾਹ 'ਤੇ ਦਿਨੇ ਤਿਲ ਸੁੱਟਣ ਨੂੰ ਥਾਂ ਨਹੀਂ ਹੁੰਦੀ, ਉਥੇ ਰਾਤ ਨੂੰ ਕਾਂ ਪੈਂਦੇ ਐ। ਸਾਰੇ ਪਾਸੇ ਘੁੱਪ ਹਨੇਰਾ। ਨਾ ਬੰਦਾ, ਨਾ ਬੰਦੇ ਦੀ ਜਾਤ।'

ਮੈਂ ਹੱਸਦਾ-ਹੱਸਦਾ ਰੋਟੀ ਲੈਣ ਚਲਾ ਗਿਆ ਅਤੇ ਉਹ ਤਿਆਰ ਹੋਣ ਲੱਗ ਪਿਆ। ਘੰਟੇ ਕੁ ਬਾਅਦ ਜਿੰਦਰ ਡਿਊਟੀ 'ਤੇ ਜਾਣ ਲਈ ਤਿਆਰ ਸੀ। ਮੈਂ ਆਪਣਾ ਬਿਸਤਰਾ ਠੀਕ ਕਰ ਰਿਹਾ ਸਾਂ। ਮੈਂ ਉਸ ਵੱਲ ਵੇਖਿਆ ਤਾਂ ਉਹ ਬੂਟਾਂ ਦੇ ਤਸਮੇ ਬੰਨ੍ਹ ਰਿਹਾ ਸੀ। ਮੈਂ ਉਸ ਨੂੰ ਛੇੜਦਿਆਂ ਕਿਹਾ, 'ਚਲੋ ਜਵਾਨ ਚਲੋ। ਹੁਣ ਤੁਸੀਂ ਕਰੋ ਦੇਸ਼ ਦੀ ਸੇਵਾ। ਸਾਨੂੰ ਸੌਣ ਦਿਓ ਲੰਮੀਆਂ ਤਾਣ ਕੇ।'

ਜਿੰਦਰ ਜਿਵੇਂ ਖਿਝ ਗਿਆ ਹੋਵੇ। ਉਹ ਮੇਰੀ ਬਾਂਹ ਮਰੋੜ ਕੇ ਕਹਿਣ ਲੱਗਾ, 'ਕੋਈ ਗੱਲ ਨੀ ਪੁੱਤ, ਦਿੰਦੇ ਆਂ ਸੌਣ ਤੈਨੂੰ। ਜੇ ਸਾਰੀ-ਸਾਰੀ ਰਾਤ ਨਾ ਜੰਗਲ ਛਾਣਦਾ ਫਿਰਦਾ ਰਿਹਾ ਕਰੇਂ ਤਾਂ ਆਖੀਂ। ਕਰਦਾਂ ਮੈਂ ਸਾਹਬ ਨਾਲ ਗੱਲ।' ਫਿਰ ਆਪ ਹੀ ਹੱਸ ਪਿਆ। ਉਹ 'ਗੁੱਡ ਨਾਈਟ' ਕਹਿ ਕੇ ਚਲਾ ਗਿਆ ਅਤੇ ਮੈਂ ਸੌਣ ਲਈ ਬਿਸਤਰੇ ਵੱਲ।

ਦੇਰ ਰਾਤ ਇਕ ਜ਼ੋਰਦਾਰ ਧਮਾਕਾ ਹੋਇਆ। ਮੇਰੇ ਸਮੇਤ ਹੋਰ ਵੀ ਕਿੰਨੇ ਹੀ ਜਣੇ ਬੈਰਕਾਂ ਤੋਂ ਬਾਹਰ ਨਿਕਲ ਆਏ। ਧਮਾਕਾ ਕਿਤੇ ਨੇੜੇ ਹੋਇਆ ਜਾਪਦਾ ਸੀ। ਕੁਝ ਦੇਰ ਵਿੱਚ ਹੁਕਮ ਆ ਗਿਆ ਕਿ ਫੌਰੀ ਆਓ, ਲਾਲ ਚੌਕ ਵਿੱਚ ਧਮਾਕਾ ਹੋਇਆ ਹੈ। ਸੁਣਦੇ ਸਾਰ ਸਾਰੀਆਂ ਬੈਰਕਾਂ ਵਿੱਚ ਭਗਦੜ ਮੱਚ ਗਈ। ਪਲਾਂ ਵਿੱਚ ਹੀ ਸਾਰੇ ਤਿਆਰ ਹੋ ਕੇ ਲਾਲ ਚੌਕ ਕੋਲ ਪੁੱਜ ਗਏ।

ਘਟਨਾ ਵਾਲੀ ਥਾਂ 'ਤੇ ਗੱਡੀਆਂ ਦੀਆਂ ਆਵਾਜ਼ਾਂ ਖੌਰੂ ਪਾ ਰਹੀਆਂ ਸਨ। ਅਫਸਰ ਵੱਖ-ਵੱਖ ਪਾਰਟੀਆਂ ਬਣਾ ਕੇ ਇਲਾਕੇ ਨੂੰ ਘੇਰਾ ਪਾ ਰਹੇ ਸਨ। ਕੁਝ ਨੇ ਚੌਕ ਵਾਲਾ ਮੋਰਚਾ ਸਾਂਭ ਲਿਆ। ਮੈਂ ਪਹਿਲਾਂ ਹੀ ਸਰਚ ਪਾਰਟੀ 'ਚ ਸ਼ਾਮਲ ਹੋ ਗਿਆ ਸਾਂ। ਅਸੀਂ ਹਨੇਰ ਘੁੱਪ ਪਹਾੜੀਆਂ ਵਿੱਚ ਬੈਟਰੀ ਨਾਲ ਜ਼ਖਮੀ ਜਵਾਨਾਂ ਨੂੰ ਲੱਭ ਰਹੇ ਸਾਂ। ਮੇਰੀ ਬੈਟਰੀ ਦੀ ਰੌਸ਼ਨੀ 10-15 ਫੁੱਟ ਡੂੰਘੀ ਖਾਈ ਵੱਲ ਵੱਜੀ। ਮੈਨੂੰ ਓਧਰ ਕੋਈ ਫੌਜੀ ਵਰਦੀ ਵਿਖਾਈ ਦਿੱਤੀ। ਮੈਂ ਫੁਰਤੀ ਨਾਲ ਓਧਰ ਗਿਆ। ਕੋਲ ਜਾ ਕੇ ਵੇਖਿਆ ਤਾਂ ਇਹ ਜਿੰਦਰ ਸੀ। ਉਸ ਦੀ ਹਾਲਤ ਵੇਖ ਕੇ ਮੇਰਾ ਤ੍ਰਾਹ ਨਿਕਲ ਗਿਆ। ਕੁਝ ਪਲ ਮੈਨੂੰ ਕੁਝ ਨਾ ਸੁੱਝਿਆ। ਫਿਰ ਮੈਂ ਜਿੰਦਰ ਕੋਲ ਗਿਆ ਤਾਂ ਉਹ ਸਹਿਕ ਰਿਹਾ ਸੀ। ਮੈਂ ਬੁਲਾਇਆ ਤਾਂ ਉਸ ਨੇ ਮੈਨੂੰ ਪਛਾਣ ਲਿਆ। ਮੈਂ ਬਿਨਾਂ ਕੁਝ ਸੋਚੇ ਪਾਣੀ ਵਾਲੀ ਬੋਤਲ ਉਸ ਦੇ ਮੂੰਹ ਨੂੰ ਲਾ ਦਿੱਤੀ। ਪਾਣੀ ਪੀਂਦੇ-ਪੀਂਦੇ ਜਿੰਦਰ ਨੇ ਆਪਣਾ ਸਿਰ ਪਿੱਛੇ ਵੱਲ ਮਾਰਿਆ। ਮੈਂ ਉਸ ਨੂੰ ਕਹਿਣ ਲੱਗਾ, 'ਜਿੰਦਰ ਹੌਸਲਾ ਰੱਖ। ਆ ਗਲੇ ਨੂੰ ਹੱਥ ਪਾ, ਉਪਰ ਲੈ ਕੇ ਚੱਲਾਂ।'

ਉਸ ਤੋਂ ਹਿੱਲਿਆ ਨਾ ਗਿਆ। ਧਮਾਕੇ ਨੇ ਉਸ ਦੀ ਇਕ ਲੱਤ ਉਡਾ ਦਿੱਤੀ ਸੀ। ਉਹ ਮੈਨੂੰ ਹੱਥ ਮਾਰਨ ਲੱਗਾ। ਉਸ ਨੇ ਫਿਰ ਇਸ਼ਾਰੇ ਨਾਲ ਪਾਣੀ ਮੰਗਿਆ। ਮੈਂ ਸਹਾਰਾ ਦੇ ਕੇ ਉਸ ਦਾ ਸਿਰ ਆਪਣੀ ਲੱਤ 'ਤੇ ਰੱਖ ਲਿਆ। ਉਸ ਨੇ ਮੇਰਾ ਹੱਥ ਘੁੱਟ ਕੇ ਫੜ ਲਿਆ ਅਤੇ ਹਿੰਮਤ ਇਕੱਠੀ ਕਰਕੇ ਬੋਲਿਆ, 'ਯਾਰ, ਮੇਰੇ ਪਿੱਛੋਂ ਮੇਰੇ ਬੇਬੇ ਬਾਪੂ ਦਾ ਖਿਆਲ ਰੱਖੀਂ ਤੂੰ।'

ਮੈਂ ਉਸ ਦਾ ਹੱਥ ਫੜ ਲਿਆ। ਮੇਰਾ ਗੱਚ ਭਰ ਆਇਆ। ਮੈਂ ਬਹੁਤ ਮੁਸ਼ਕਿਲ ਨਾਲ ਬੋਲਿਆ, 'ਕੁਝ ਨਹੀਂ ਹੁੰਦਾ ਤੈਨੂੰ। ਬੱਸ ਹੌਸਲਾ ਰੱਖ।'

ਅੰਤਾਂ ਦੀ ਤਕਲੀਫ ਦੇ ਬਾਵਜੂਦ ਉਹ ਕਹਿਣ ਲੱਗਾ, 'ਮੇਰੇ ਕੋਲ ਬਹੁਤਾ ਸਮਾਂ ਨਹੀਂ। ਸਾਹਾਂ ਦੀ ਡੋਰ ਟੁੱਟਦੀ ਮਹਿਸੂਸ ਹੋ ਰਹੀ ਏ। ਜਾਂਦੀ ਵਾਰ ਦਾ ਇਕ ਅਹਿਸਾਨ ਕਰ ਦੇ। ਮੇਰੇ ਜਾਣ ਤੋਂ ਬਾਅਦ ਮੇਰੀ ਕਮਾਈ ਦੇ ਹੱਕਦਾਰ ਮੇਰੇ ਬੇਬੇ ਬਾਪੂ ਨੇ। ਉਨ੍ਹਾਂ ਨੂੰ ਵਾਧੂ ਪੈਸਾ ਮਿਲ ਜਾਊ। ਜ਼ਿੰਦਗੀ ਸੌਖੀ ਲੰਘੀ ਜਾਊ। ਸਕੂਲ ਵਾਸਤੇ ਕੋਈ ਐਸਾ ਕੰਮ ਕਰ ਦੇਈਂ ਕਿ ਮੈਂ ਜਿਊਂਦਿਆਂ 'ਚ ਹੋ ਜਾਵਾਂ। ਮੈਂ ਨਹੀਂ ਚਾਹੁੰਦਾ ਕਿ ਮੇਰਾ ਕੋਈ ਬੁੱਤ ਲੱਗੇ ਜਾਂ ਸਾਲ ਬਾਅਦ ਕੋਈ ਯਾਦਗਾਰੀ ਮੇਲਾ। ਮੈਂ ਚਾਹੁੰਦਾ ਹਾਂ ਕਿ ਦੀਵਾ ਬਣ ਕੇ ਚਾਨਣ ਕਰਾਂ। ਤੂੰ ਵਾਅਦਾ ਕਰ, ਕਰੇਂਗਾ ਨਾ ਇਸ ਤਰ੍ਹਾਂ!'

ਮੈਂ ਉਸ ਅੱਗੇ ਹੱਥ ਬੰਨ੍ਹ ਕੇ ਬੋਲਿਆ, 'ਯਾਰ ਚੁੱਪ ਕਰ ਜਾ, ਕੀ ਬੋਲੀ ਜਾਂਦੈ। ਕੁਝ ਨਹੀਂ ਹੁੰਦਾ ਤੈਨੂੰ। ਤੂੰ ਵੀਰ ਬਣ ਕੇ ਚੁੱਪ ਕਰ ਜਾਂ।'

ਜਿੰਦਰ ਸਾਹ ਉਖੜ ਗਿਆ। ਖੰਘਣ ਲੱਗ ਪਿਆ। ਫਿਰ ਆਪਣੇ ਗਲੇ ਨੂੰ ਸਾਫ ਕਰਕੇ ਕਹਿਣ ਲੱਗਾ, 'ਨਹੀਂ ਯਾਰ, ਮੇਰੀ ਗੱਲ ਸੁਣ। ਤੇਰੀ ਹੋਣ ਆਲੀ ਭਾਬੀ ਤੋਂ ਮੇਰੇ ਵੱਲੋਂ ਮੁਆਫੀ ਮੰਗ ਲਵੀਂ। ਓਹਨੂੰ ਕਹੀਂ ਯਾਰ ਕਿ ਮੈਂ..।'

ਉਸ ਨੂੰ ਫਿਰ ਜ਼ੋਰ ਦੀ ਖੰਘ ਛਿੜ ਗਈ। ਖੂਨ ਦੀ ਉਲਟੀ ਆਈ। ਵੇਖਦੇ ਹੀ ਵੇਖਦੇ ਉਹ ਮੇਰੀਆਂ ਬਾਹਾਂ ਵਿੱਚ ਲੁੜਕ ਗਿਆ। ਮੈਂ ਪੂਰੇ ਜ਼ੋਰ ਨਾਲ ਚੀਕ ਮਾਰੀ, 'ਜਿੰਦਰ..।'

***

ਜਿੰਦਰ ਦੀ ਅੰਤਿਮ ਅਰਦਾਸ ਹੋਇਆਂ ਪੰਜ ਦਿਨ ਹੋ ਗਏ ਸਨ। ਮੈਨੂੰ ਉਸ ਨਾਲ ਕੀਤਾ ਵਾਅਦਾ ਟਿਕਣ ਨਹੀਂ ਦੇ ਰਿਹਾ ਸੀ। ਪਹਿਲਾਂ ਵੀ ਮੈਂ ਸਾਰਾ ਦਿਨ ਉਸ ਦੇ ਘਰ ਬੈਠਾ ਰਹਿੰਦਾ ਸਾਂ, ਪਰ ਬੇਬੇ ਬਾਪੂ ਨਾਲ ਗੱਲ ਕਰਨ ਦੀ ਹਿੰਮਤ ਨਾ ਪੈਂਦੀ। ਅੱਜ ਮੈਂ ਉਨ੍ਹਾਂ ਕੋਲ ਗਿਆ ਤਾਂ ਪਿੰਡ ਦੇ ਕੁਝ ਬਜ਼ੁਰਗ ਬੈਠੇ ਅਫਸੋਸ ਕਰ ਰਹੇ ਸਨ। ਮੈਨੂੰ ਵੇਖ ਕੇ ਕਹਿਣ ਲੱਗੇ, 'ਇਉਂ ਨਹੁੰਆਂ ਨਾਲੋਂ ਮਾਸ ਅੱਡ ਹੁੰਦੈ ਕਿਤੇ। ਇਨ੍ਹਾਂ ਦਾ ਬਚਪਨ ਦਾ ਸਾਥ ਸੀ। 'ਕੱਠੇ ਖੇਡੇ, 'ਕੱਠੇ ਪੜ੍ਹੇ ਤੇ ਫੇਰ ਭਰਤੀ ਵੀ 'ਕੱਠੇ ਈ ਹੋਏ। ਮੈਂ ਵੇਖਦਾ ਰਿਹਾ ਕਿ ਇਹ ਛੁੱਟੀ ਲਗਭਗ 'ਕੱਠੇ ਆਉਂਦੇ ਸੀ। ਆ ਵੇਖਲਾ ਕਿਵੇਂ ਅੱਧਾ ਰਹਿ ਗਿਆ।'

ਕੋਲ ਬੈਠੇ ਹੋਰ ਵਿਅਕਤੀ ਨੇ ਗੱਲ ਦਾ ਹੁੰਗਾਰਾ ਭਰਿਆ, 'ਸੱਚ ਕਿਹਾ ਬਚਨ ਸਿੰਹਾ। ਅਸਲ ਦਰਦ ਏਹੀ ਜਾਣਦਾ ਬਈ ਕੀ ਬਣੀ ਐ ਉਹਦੇ ਨਾਲ। ਆ ਨਾਜਰ ਸਿੰਹੁ ਦਾ ਲੱਕ ਈ ਟੁੱਟ ਗਿਆ। ਕਿੰਨੇ ਸੁਪਨੇ ਪਾਲ ਰੱਖੇ ਸੀ ਓਸ ਲਈ। ਮਸਾਂ ਘਰ 'ਚ ਸੁੱਖ ਦੀ ਰੋਟੀ ਪੱਕਣ ਲੱਗੀ ਸੀ। ਓਹਦੀ ਸਾਰੀ ਉਮਰ ਮੰਡੀਆਂ 'ਚ ਭਾਰ ਢੋਂਦੇ ਦੀ ਲੰਘਗੀ। ਆਹ ਵੇਲਾ ਆਇਆ ਸੀ ਬਹਿ ਕੇ ਖਾਣ ਦਾ। ਡਾਢੇ ਨੂੰ ਇਹ ਵੀ ਮਨਜ਼ੂਰ ਨਾ ਹੋਇਆ। ਹੁਣ ਤਾਂ ਇਨ੍ਹਾਂ ਦੀ ਆਸ ਏਸ ਫੌਜੀ 'ਤੇ ਐ। ਜਿਵੇਂ ਹੁਣ ਤੱਕ ਨਿਭਦਾ ਆਇਆ, ਜੇ ਅੱਗੇ ਵੀ ਨਿਭਾਉਂਦਾ ਰਹੇ।'

ਮੈਨੂੰ ਲੱਗਿਆ ਜਿਵੇਂ ਉਹ ਸਾਰਾ ਕੁਝ ਮੈਨੂੰ ਸੁਣਾ ਰਿਹਾ ਹੋਵੇ। ਕੁਝ ਦੇਰ ਬਾਅਦ ਉਹ ਚਲੇ ਗਏ। ਮੈਂ ਹਿੰਮਤ ਜੁਟਾ ਕੇ ਬੇਬੇ ਬਾਪੂ ਨਾਲ ਗੱਲਬਾਤ ਕਰਨ ਲੱਗਾ, 'ਬਾਪੂ ਜੀ, ਮੈਂ ਕੁਝ ਦਿਨਾਂ ਤੱਕ ਵਾਪਸ ਚਲਾ ਜਾਣੈ। ਉਸ ਦੇ ਕਾਗਜ਼ ਪੱਤਰ ਵੀ ਤਿਆਰ ਕਰਵਾ ਕੇ ਲਿਜਾਣੇ ਨੇ। ਬਾਪੂ ਜੀ, ਮੈਂ ਇਕ ਗੱਲ ਸਾਂਝੀ ਕਰਨੀ ਸੀ ਤੁਹਾਡੇ ਨਾਲ।'

ਉਹ ਦੋਵੇਂ ਮੇਰੇ ਵੱਲ ਵੇਖਣ ਲੱਗੇ। ਮੈਂ ਉਨ੍ਹਾਂ ਦੀਆਂ ਅੱਖਾਂ ਦੀ ਰਮਜ਼ ਸਮਝ ਕੇ ਜਿੰਦਰ ਨਾਲ ਕੀਤੇ ਵਾਅਦੇ ਦੀ ਗੱਲ ਉਨ੍ਹਾਂ ਸਾਹਮਣੇ ਕੋਲ੍ਹ ਦਿੱਤੀ। ਗੱਲ ਸੁਣਦੇ ਸਾਰ ਦੋਵੇਂ ਰੋਣ ਲੱਗ ਪਏ। ਮੈਂ ਵੀ ਰੋਂਦਾ ਰਿਹਾ। ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਚੁੱਪ ਕਰਾਇਆ। ਬਾਪੂ ਕਹਿਣ ਲੱਗਾ, 'ਪੁੱਤਰਾ, ਤੈਨੂੰ ਤਾਂ ਪਤਾ ਈ ਐ ਸਕੂਲ ਨੂੰ ਉਹ ਆਪਣਾ ਦੂਜਾ ਘਰ ਸਮਝਦਾ ਸੀ। ਜਦੋਂ ਜਿੰਦਰ ਪਿਛਲੀ ਵਾਰ ਛੁੱਟੀ ਆਇਆ ਸੀ ਤਾਂ ਕਹਿੰਦਾ, ਬਾਪੂ ਜੀ ਆਪਾਂ ਸਕੂਲ 'ਚ ਜਾ ਕੇ ਆਉਣੈ। ਤੁਸੀਂ ਦੋਵੇਂ ਤਿਆਰ ਹੋ ਜਾਓ। ਮੈਂ ਸ਼ਹਿਰ ਗਿਆ ਤੇ ਆਇਆ। ਉਹ ਸ਼ਹਿਰੋਂ ਮੁੜਿਆ ਤਾਂ ਮੋਟਰ ਸਾਈਕਲ 'ਤੇ ਕਾਪੀਆਂ ਲੱਦੀ ਫਿਰੇ। ਅਸੀਂ ਦੋਵੇਂ ਹੈਰਾਨ ਹੋ ਕੇ ਉਸ ਨੂੰ ਪੁੱਛਣ ਲੱਗੇ ਤਾਂ ਕਹਿੰਦਾ, ਬਾਪੂ ਜੀ ਅੱਜ ਮੇਰਾ ਕਾਗਜ਼ਾਂ 'ਚ ਜਨਮ ਦਿਨ ਐ। ਆਪਾਂ ਸਕੂਲ 'ਚ ਮਨਾ ਕੇ ਆਉਂਦੇ ਆਂ। ਸੱਚ ਪੁੱਛੇ ਤਾਂ ਪੁੱਤਰਾ, ਓਹਦੀ ਰੂਹ ਧੜਕਦੀ ਸੀ ਸਕੂਲ 'ਚ।''

ਉਹ ਆਪਣੀਆਂ ਅੱਖਾਂ ਸਾਫ ਕਰਕੇ ਕਹਿਣ ਲੱਗਾ, 'ਪੁੱਤ ਧਰਮੇ, ਜੇ ਸਾਡੀ ਮੰਨੇ ਤਾਂ ਤੂੰ ਮਾਸਟਰ ਦਵਿੰਦਰ ਸਿਹੁੰ ਨਾਲ ਗੱਲ ਕਰਕੇ ਜਿੰਦਰ ਦੀ ਪੈਨਸ਼ਨ ਦਾ ਕੁਝ ਹਿੱਸਾ ਸਕੂਲ ਫੰਡ 'ਚ ਲਵਾ ਦੇਈਂ। ਸਾਡੀ ਜਾਚੇ ਇਸ ਨਾਲ ਉਸ ਦੀ ਆਤਮਾ ਨੂੰ ਸ਼ਾਂਤੀ ਮਿਲੂ ਅਤੇ ਜਿੰਦਰ ਜਿਊਂਦਿਆਂ 'ਚ ਰਹਿ ਜਾਊ। ਅੱਗੇ ਤੁਹਾਡੀ ਮਰਜ਼ੀ।'

ਮੈਂ ਉਨ੍ਹਾਂ ਅੱਗੇ ਚੁੱਪਚਾਪ ਹੱਥ ਜੋੜ ਕੇ ਬੈਠ ਗਿਆ।

# ਬਾਲ ਰੱਖਿਅਕ ਹੈ ਮਾਂ ਦਾ ਦੁੱਧ

ਡਾ. ਕਰਨੈਲ ਸਿੰਘ ਐੱਮਡੀ

ਅਸੰਸਾਰ ਸਿਹਤ ਸੰਸਥਾ (ਡਬਲਿਊਟੀਓ) ਦੀਆਂ ਹਦਾਇਤਾਂ ਬਿਲਕੁਲ ਸਪਸ਼ਟ ਹਨ: ਨਵਜੰਮੇ ਬੱਚੇ ਨੂੰ ਪਹਿਲੇ ਛੇ ਮਹੀਨੇ ਸਿਰਫ ਮਾਂ ਦਾ ਦੁੱਧ ਪਿਲਾਓ, ਛੇ ਮਹੀਨੇ ਦਾ ਹੋਣ 'ਤੇ ਹੋਰ ਭੋਜਨ ਜਿਵੇਂ ਪਤਲੀ ਦਾਲ, ਖਿਚੜੀ, ਖੀਰ, ਦਲੀਆ ਆਦਿ ਵੀ ਦੇਣਾ ਸ਼ੁਰੂ ਕਰ ਦੇਵੋ ਅਤੇ ਮਾਂ ਦਾ ਦੁੱਧ ਦੋ ਸਾਲ ਤੱਕ ਜਾਂ ਉਸ ਤੋਂ ਵੀ ਬਾਅਦ ਤੱਕ ਦਿੰਦੇ ਰਹੋ। ਜਨਮ ਦੇ ਇਕ ਘੰਟੇ ਵਿਚ ਮਾਂ ਦਾ ਦੁੱਧ ਸ਼ੁਰੂ ਕਰ ਦੇਣਾ ਚਾਹੀਦਾ ਹੈ; ਜੇ ਜਨਮਘੁੱਟੀ ਦੇਣੀ ਹੈ, ਉਹ ਵੀ ਮਾਂ ਦੇ ਦੁੱਧ ਦੀ ਹੋਣੀ ਚਾਹੀਦੀ ਹੈ, ਸ਼ਹਿਦ ਜਾਂ ਚੀਨੀ ਜਾਂ ਹੋਰ ਕੁਝ ਨਹੀਂ। ਅਤਿ ਗਰਮੀਆਂ ਵਿਚ ਵੀ ਪਹਿਲੇ ਛੇ ਮਹੀਨੇ ਬੱਚੇ ਨੂੰ ਪਾਣੀ ਨਹੀਂ ਪਿਲਾਉਣਾ ਚਾਹੀਦਾ, ਕਿਉਂਕਿ ਬੱਚੇ ਦੀਆਂ ਜ਼ਰੂਰਤਾਂ ਲਈ ਮਾਂ ਦੇ ਦੁੱਧ ਵਿਚ ਪਾਣੀ ਸਹੀ ਮਾਤਰਾ ਵਿਚ ਮੌਜੂਦ ਹੁੰਦਾ ਹੈ ਅਤੇ ਇਸ ਪਾਣੀ ਰਾਹੀਂ ਬੱਚੇ ਦੀ ਨਾਜ਼ੁਕ ਪਾਚਣ ਪ੍ਰਣਾਲੀ ਨੂੰ ਕਿਸੇ ਕਿਸਮ ਦਾ ਨੁਕਸਾਨ ਹੋਣ ਦਾ ਡਰ ਵੀ ਨਹੀਂ ਹੁੰਦਾ।


ਕਈ ਦਹਾਕੇ ਪੁਰਾਣੀਆਂ ਅਤੇ ਸਪਸ਼ਟ ਹਦਾਇਤਾਂ ਦੇ ਬਾਵਜੂਦ 2015-16 ਵਿਚ ਕੌਮੀ ਪਰਿਵਾਰ ਸਿਹਤ ਸਰਵੇਖਣ-4 ਦੌਰਾਨ ਇਹ ਤੱਥ ਸਾਹਮਣੇ ਆਏ: ਭਾਰਤ ਵਿਚ 50 ਫੀਸਦੀ ਤੋਂ ਘਟ ਨਵਜੰਮੇ ਬਾਲਾਂ ਨੂੰ ਪਹਿਲੇ ਇਕ ਘੰਟੇ ਵਿਚ ਮਾਂ ਦਾ ਦੁੱਧ ਪਿਲਾਇਆ ਜਾਂਦਾ ਹੈ, ਸਿਰਫ 55 ਫੀਸਦੀ ਬੱਚਿਆਂ ਨੂੰ ਪਹਿਲੇ 6 ਮਹੀਨੇ ਸਿਰਫ ਮਾਂ ਦਾ ਦੁੱਧ ਦਿੱਤਾ ਜਾਂਦਾ ਹੈ। ਪੰਜਾਬ ਵਿਚ ਇਹ ਅੰਕੜੇ ਹੋਰ ਵੀ ਨਿਰਾਸ਼ਾਜਨਕ ਹਨ; ਇਸ ਦੇ ਬਾਵਜੂਦ ਕਿ ਪੰਜਾਬ ਵਿਚ 90 ਫੀਸਦੀ ਜਨਮ ਸਿਹਤ ਸੰਸਥਾਵਾਂ ਵਿਚ ਹੁੰਦੇ ਹਨ। ਕੇਵਲ 30.7 ਫੀਸਦੀ ਨਵਜੰਮਿਆਂ ਨੂੰ ਹੀ ਪਹਿਲੇ ਇਕ ਘੰਟੇ ਦੌਰਾਨ ਮਾਂ ਦਾ ਦੁੱਧ ਨਸੀਬ ਹੁੰਦਾ ਹੈ ਅਤੇ 53 ਫੀਸਦੀ ਬੱਚੇ 6 ਮਹੀਨਿਆਂ ਤੱਕ ਸਿਰਫ ਤੇ ਸਿਰਫ ਮਾਂ ਦੇ ਦੁੱਧ 'ਤੇ ਹੁੰਦੇ ਹਨ। ਇਹ ਵੱਡਾ ਕਾਰਨ ਹੈ ਕਿ ਭਾਰਤ ਅਤੇ ਪੰਜਾਬ ਵਿਚ ਵੀ ਨਵਜੰਮੇ ਬੱਚਿਆਂ ਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੀ ਬਿਮਾਰੀ-ਦਰ ਤੇ ਮਰਨ-ਦਰ ਇੰਨੀ ਜ਼ਿਆਦਾ ਹੈ।

1990 ਵਿਚ ਭਾਰਤ ਵਿਚ ਜੀਵਨ ਦੇ ਪਹਿਲੇ 28 ਦਿਨ ਪੂਰੇ ਕਰਨ ਤੋਂ ਪਹਿਲਾਂ ਮਰ ਜਾਣ ਵਾਲੇ ਨਵਜਾਤ ਬੱਚਿਆਂ ਦੀ ਗਿਣਤੀ 1000 ਪਿੱਛੇ 52 ਸੀ ਜਦੋਂਕਿ ਸੰਸਾਰ ਪੱਧਰ 'ਤੇ ਇਹ 32 ਸੀ। 2016 ਵਿਚ ਇਹ ਘਟ ਕੇ ਭਾਰਤ ਵਿਚ 25.4 ਅਤੇ ਸੰਸਾਰ 17 ਰਹਿ ਗਈ। ਭਾਰਤ ਦੇ ਸਿਰਫ ਇੱਕੋ ਵੱਡੇ ਰਾਜ ਕੇਰਲਾ ਵਿਚ ਇਹ ਦਰ ਸੰਸਾਰ ਦੇ ਉੱਨਤ ਤੇ ਅਮੀਰ ਮੁਲਕਾਂ ਜਿੰਨੀ ਭਾਵ 7 ਹੈ। ਪੰਜਾਬ ਵਿਚ ਇਹ ਦਰ ਸਮੁੱਚੇ ਭਾਰਤ ਦੀ ਔਸਤ ਨਾਲੋਂ ਘੱਟ ਹੈ ਪਰ ਅਜੇ ਅਸੀਂ ਇਸ ਮਾਮਲੇ ਵਿਚ ਕੇਰਲਾ ਤੋਂ ਪਿੱਛੇ ਹਾਂ। ਇਹਦਾ ਵੱਡਾ ਕਾਰਨ ਕੇਰਲਾ ਵਿਚ ਸਾਖਰਤਾ ਦੀ ਦਰ ਬਹੁਤ ਜ਼ਿਆਦਾ ਹੋਣਾ ਹੈ।

ਜਨਮ ਦੇ ਪਹਿਲੇ ਇਕ ਘੰਟੇ ਦੌਰਾਨ ਮਾਂ ਦਾ ਦੁੱਧ ਸ਼ੁਰੂ ਕਰਨ ਨਾਲ ਹੀ ਇਕ ਮਹੀਨੇ ਦੀ ਉਮਰ ਤਕ ਦੇ 20 ਫੀਸਦੀ ਬੱਚਿਆਂ ਨੂੰ ਬਚਾਇਆ ਜਾ ਸਕਦਾ ਹੈ। ਪੰਜ ਸਾਲ ਦੀ ਉਮਰ ਤੱਕ ਦੇ ਬੱਚਿਆਂ ਵਿਚ ਦੋ ਸਭ ਤੋਂ ਖਤਰਨਾਕ ਬਿਮਾਰੀਆਂ ਹਨ: ਟੱਟੀਆਂ-ਉਲਟੀਆਂ ਤੇ ਫੇਫੜਿਆਂ ਦਾ ਰੋਗ ਨਿਮੋਨੀਆ। ਉਹ ਬੱਚੇ ਜਿਨ੍ਹਾਂ ਨੂੰ ਮਾਂ ਦੇ ਦੁੱਧ ਰਾਹੀਂ ਮਿਲਣ ਵਾਲੇ ਸੁਰੱਖਿਆ ਤੇ ਖੁਰਾਕੀ ਤੱਤ ਨਹੀਂ ਮਿਲਦੇ, ਉਨ੍ਹਾਂ ਦਾ ਨਿਮੋਨੀਆ ਹੋਣ 'ਤੇ ਮਰਨ ਦਾ ਖਤਰਾ 15 ਗੁਣਾ ਅਤੇ ਦਸਤ ਰੋਗ ਲੱਗਣ 'ਤੇ 11 ਗੁਣਾ ਵੱਧ ਜਾਂਦਾ ਹੈ। ਹਸਪਤਾਲ ਵਿਚ ਭਰਤੀ ਬੱਚਿਆਂ ਵਿਚੋਂ 90 ਤੋਂ 95 ਫੀਸਦ ਉਹ ਹੁੰਦੇ ਨੇ ਜਿਹੜੇ ਜਾਂ ਤਾਂ ਮਾਂ ਦੇ ਦੁੱਧ ਤੋਂ ਵਾਂਝੇ ਹੁੰਦੇ ਨੇ, ਜਾਂ ਜਿਨ੍ਹਾਂ ਨੂੰ ਮਾਂ ਦੇ ਦੁੱਧ ਦੇ ਨਾਲ ਛੇ ਮਹੀਨੇ ਦੀ ਉਮਰ ਤੋਂ ਪਹਿਲਾਂ ਹੀ ਬੋਤਲ ਵਾਲਾ ਦੁੱਧ ਲਗਾ ਦਿੱਤਾ ਜਾਂਦਾ ਹੈ। ਮਾਂ ਦੇ ਦੁੱਧ 'ਤੇ ਪਲੇ ਜਾਂ ਪਲ ਰਹੇ ਬੱਚੇ ਦੂਸਰਿਆਂ ਨਾਲੋਂ ਬੜਾ ਚਿਰ ਪਹਿਲਾਂ ਠੀਕ ਹੋ ਜਾਂਦੇ ਅਤੇ ਘਰਾਂ ਨੂੰ ਪਰਤ ਜਾਂਦੇ ਨੇ।

ਜਨਮ ਤੋਂ ਇਕ ਘੰਟੇ ਦੇ ਅੰਦਰ ਮਾਂ ਦਾ ਦੁੱਧ ਸ਼ੁਰੂ ਕਰਨ ਅਤੇ 6 ਮਹੀਨਿਆਂ ਤੱਕ ਸਿਰਫ ਮਾਂ ਦਾ ਦੁੱਧ ਪਿਲਾਉਣ ਨਾਲ ਭਾਰਤ ਵਿਚ ਇਕ ਲੱਖ ਦੇ ਕਰੀਬ ਬੱਚਿਆਂ ਨੂੰ ਦਸਤ ਅਤੇ ਨਿਮੋਨੀਆ ਨਾਲ ਮਰਨ ਤੋਂ ਬਚਾਇਆ ਜਾ ਸਕਦਾ ਹੈ।

ਮਾਂ ਦੇ ਦੁੱਧ ਵਿਚ ਇੰਨੀ ਸੰਖਿਆ ਅਤੇ ਮਾਤਰਾ ਵਿਚ ਰੋਗ-ਬਚਾਊ ਤੱਤ ਹੁੰਦੇ ਹਨ ਕਿ ਪਹਿਲੇ ਘੰਟੇ ਦੌਰਾਨ ਦਿੱਤੇ ਮਾਂ ਦੇ ਦੁੱਧ ਨੂੰ ਬੱਚੇ ਦੀ ਪਹਿਲੀ 'ਵੈਕਸੀਨ' ਕਿਹਾ ਜਾਂਦਾ ਹੈ। ਜੇ ਮਾਂ ਆਪਣਾ ਦੁੱਧ ਪਿਲਾਉਂਦੀ ਹੈ, ਉਸ ਦਾ ਵਜ਼ਨ ਘਟਦਾ ਹੈ ਅਤੇ ਉਹ ਸ਼ੱਕਰ ਰੋਗ, ਛਾਤੀ ਤੇ ਹੋਰ ਕੈਂਸਰ ਰੋਗਾਂ ਤੋਂ ਵੀ ਬਚਦੀ ਹੈ। ਇਹ ਵਿਗਿਆਨਕ ਤੱਥ ਹੈ ਕਿ ਮਾਂ ਦੇ ਦੁੱਧ 'ਤੇ ਪਲੇ ਬੱਚਿਆਂ ਦਾ ਮਾਨਸਿਕ ਵਿਕਾਸ ਬਿਹਤਰ ਅਤੇ ਆਈਕਿਊ ਦੂਸਰਿਆਂ ਤੋਂ ਵੱਧ ਹੁੰਦਾ ਹੈ। ਉਹ ਅਲਰਜੀ, ਦਮਾ, ਉਚ ਰਕਤਚਾਪ, ਸ਼ੱਕਰ ਰੋਗ ਆਦਿ ਬਾਲਗ ਅਵਸਥਾ ਵਿਚ ਹੋਣ ਵਾਲੇ ਰੋਗਾਂ ਤੋਂ ਵੀ ਬਚਦੇ ਹਨ।




ਸੰਸਾਰ ਦੇ 194 ਮੁਲਕਾਂ ਵਿਚ ਹੋਏ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਮੁਲਕ ਡਬਲਿਊਟੀਓ ਦੇ ਮਾਪਦੰਡਾਂ 'ਤੇ ਪੂਰਾ ਨਹੀਂ ਉਤਰਦਾ। ਇਸ ਦੇ ਬਹੁਤ ਸਾਰੇ ਅਤੇ ਜਟਿਲ ਕਾਰਨ ਹਨ ਜਿਨ੍ਹਾਂ ਦਾ ਇਥੇ ਜ਼ਿਕਰ ਅਸੰਭਵ ਹੈ ਪਰ ਕੁੱਝ ਕੁ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

ਨੀਲਸਨ ਰਿਪੋਰਟ-2015 ਮੁਤਾਬਕ, ਦੁਨੀਆਂ ਭਰ ਵਿਚ ਡੱਬਾ ਬੰਦ ਦੁੱਧ ਦਾ 35 ਅਰਬ ਅਮਰੀਕੀ ਡਾਲਰਾਂ ਦਾ ਕਾਰੋਬਾਰ ਹੈ। ਇਸ ਵਿਚ ਬਹੁਤ ਵੱਡਾ ਹਿੱਸਾ ਅਮੀਰ ਅਤੇ ਵਿਕਸਿਤ ਮੁਲਕਾਂ ਦਾ ਹੈ। ਹੈਰਾਨੀ ਨਹੀਂ ਕਿ ਅਮਰੀਕਾ ਡਬਲਿਊਟੀਓ ਦੀਆਂ ਮਾਂ ਦੇ ਦੁੱਧ ਬਾਰੇ ਹਦਾਇਤਾਂ ਨੂੰ ਇੰਨਬਿੰਨ ਮੰਨਣ ਵਿਚ ਟਾਲਮਟੋਲ ਕਰਦਾ ਹੈ। ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਵਿਚ ਕਾਰਨ ਵੱਖਰੇ ਹਨ। ਸਭ ਤੋਂ ਵੱਡਾ ਕਾਰਨ ਮਾਵਾਂ, ਪਰਿਵਾਰਾਂ ਅਤੇ ਸਮਾਜ ਵਿਚ ਮਾਂ ਦੇ ਦੁੱਧ ਅਤੇ ਬੱਚਿਆਂ ਦੀ ਖੁਰਾਕ ਬਾਰੇ ਸਹੀ ਜਾਣਕਾਰੀ ਦੀ ਘਾਟ ਹੈ। ਮਾਵਾਂ ਵਿਚ ਸਾਖਰਤਾ ਦੀ ਘਾਟ ਹੈ। ਇਹ ਸਾਡੇ ਮੁਲਕ ਦੀਆਂ ਸਿਹਤ ਸੰਸਥਾਵਾਂ ਤੇ ਪ੍ਰਬੰਧ ਦੀ ਅਸਫਲਤਾ ਵੀ ਹੈ। ਇਸ ਵਿਚ ਪ੍ਰਾਈਵੇਟ ਹਸਪਤਾਲਾਂ ਅਤੇ ਗੈਰ ਸਰਕਾਰੀ ਡਾਕਟਰਾਂ ਦਾ ਲਾਲਚ ਰਲ ਜਾਂਦਾ ਹੈ ਜੋ ਆਪਣੇ ਮੁਨਾਫੇ ਲਈ ਦੁੱਧ ਦੀਆਂ ਬੋਤਲਾਂ ਤੇ ਡੱਬੇ ਵਾਲਾ ਦੁੱਧ ਵੇਚ ਕੇ ਉਹ ਬੱਚਿਆਂ ਨੂੰ ਉਮਰ ਭਰ ਦੇ ਰੋਗੀ ਬਣਾਉਣ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ। ਡੱਬਾ ਬੰਦ ਦੁੱਧ ਤੇ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਬੋਤਲਾਂ ਵੇਚਣ, ਉਨ੍ਹਾਂ ਦੀ ਇਸ਼ਤਿਹਾਰਬਾਜ਼ੀ ਬਾਰੇ ਬਾਕਾਇਦਾ ਕਾਨੂੰਨ ਹਨ ਪਰ ਇਨ੍ਹਾਂ ਨੇ ਨੌਂ ਸਫਿਆਂ ਵਿਚ ਫੈਲਿਆ ਆਈਐੱਮਐੱਸ ਐਕਟ-1992 (2003 ਵਿਚ ਸੋਧਿਆ) ਸ਼ਾਇਦ ਹੀ ਕਦੇ ਦੇਖਿਆ ਹੋਵੇ।

ਭਾਰਤ ਇਸ ਵੇਲੇ ਦੁਨੀਆਂ ਵਿਚ 5 ਸਭ ਤੋਂ ਵੱਡੇ, ਉੱਭਰਦੇ ਅਰਥਚਾਰਿਆਂ ਵਿਚੋਂ ਇਕ ਹੈ ਪਰ ਮਾਂ ਦਾ ਦੁੱਧ ਪਿਲਾਉਣ ਬਾਰੇ ਠੋਸ ਕਦਮ ਉਠਾਉਣ ਲਈ ਭਾਰਤ ਦਾ ਨਿਵੇਸ਼ ਬਹੁਤ ਘੱਟ ਹੈ। ਇਹੋ ਕਾਰਨ ਹੈ ਕਿ ਮੁਲਕ ਵਿਚ ਹਰ ਸਾਲ ਮਾਂ ਦਾ ਦੁੱਧ ਨਾ ਪਿਲਾਉਣ ਕਾਰਨ ਬੱਚਿਆਂ ਦੀਆਂ ਮੌਤਾਂ ਅਤੇ ਹੋਰ ਨੁਕਸਾਨਾਂ ਕਰਕੇ 14 ਅਰਬ ਅਮਰੀਕੀ ਡਾਲਰਾਂ ਦਾ ਨੁਕਸਾਨ ਹੁੰਦਾ ਹੈ।

ਅਗਸਤ 2016 ਵਿਚ ਕੌਮੀ ਸਿਹਤ ਮਿਸ਼ਨ ਵੱਲੋਂ ਪ੍ਰੋਗਰਾਮ ਐੱਮਐੱਮਏ (ਮਦਰ'ਜ਼ ਐਬਸੋਲਿਊਟ ਅਫੈਕਸ਼ਨ-ਮਾਂ ਦਾ ਪੂਰਨ ਪਿਆਰ) ਆਰੰਭ ਹੋਇਆ ਹੈ। ਇਸ ਦਾ ਮਕਸਦ ਮੌਜੂਦਾ ਸਿਹਤ ਅਦਾਰਿਆਂ ਰਾਹੀਂ ਮਾਂ ਦਾ ਦੁੱਧ ਪਿਲਾਉਣ ਨੂੰ ਹੁਲਾਰਾ ਦੇਣਾ ਹੈ। ਮੇਰੀ ਜਾਚੇ ਅਜਿਹੇ ਅਤੇ ਇਸ ਤਰ੍ਹਾਂ ਦੇ ਹੋਰ ਕੌਮੀ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਦਾ ਸਭ ਤੋਂ ਕਾਰਗਰ ਤਰੀਕਾ ਇਸਤਰੀ ਸਾਖਰਤਾ ਹੈ। ਪੜ੍ਹੀ-ਲਿਖੀ ਤੇ ਜਾਗਰੂਕ ਮਾਂ ਬੋਤਲੀ ਦੁੱਧ ਵਰਗੇ ਮਾਰੂ ਪਦਾਰਥ ਨੂੰ ਆਪਣੇ ਬੱਚੇ ਵਾਸਤੇ ਵਰਤਣ ਤੋਂ ਪਹਿਲਾਂ ਕਈ ਵਾਰ ਸੋਚੇਗੀ। ਸਰਕਾਰ ਵੱਲੋਂ ਆਈਐੱਮਐੱਸ ਐਕਟ ਵੀ ਸਖਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ। ਕੰਮਕਾਜੀ ਮਾਵਾਂ ਨੂੰ ਜ਼ਿਆਦਾ ਛੁੱਟੀਆਂ ਮਿਲਣੀਆਂ ਚਾਹੀਦੀਆਂ ਹਨ। ਜਨਤਕ ਥਾਵਾਂ ਅਤੇ ਸਫਰ ਦੌਰਾਨ ਐਸੀਆਂ ਸੁਰੱਖਿਅਤ ਥਾਵਾਂ ਤੇ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਮਾਵਾਂ ਬਿਨਾ ਝਿਜਕ ਬੱਚਿਆਂ ਨੂੰ ਦੁੱਧ ਪਿਲਾ ਸਕਣ। ਬੈਂਗਲੁਰੂ ਵਿਚ ਇਹ ਕੁਝ ਸ਼ੁਰੂ ਕੀਤਾ ਗਿਆ ਹੈ।



# ਟ੍ਰੈਵਲ ਏਜੰਟਾਂ ਦੇ 25 ਦਫਤਰਾਂ ਵਿੱਚ ਛਾਪੇ ਵੱਜਣ ਨਾਲ ਤਰਥੱਲੀ ਮਚੀ, ਤਿੰਨ ਕਾਬੂ



ਕਮਿਸ਼ਨਰੇਟ ਪੁਲਸ ਫੜ੍ਹੇ ਗਏ ਤਿੰਨ ਟ੍ਰੈਵਲ ਕਾਰੋਬਾਰੀਆਂ।

ਜਲੰਧਰ, 16 ਜੂਨ (ਪੋਸਟ ਬਿਊਰੋ)- ਕਮਿਸ਼ਨਰੇਟ ਪੁਲਸ ਨੇ ਕੱਲ੍ਹ ਸਵੇਰੇ ਸਥਾਨਕ ਬਸ ਸਟੈਂਡ ਕੋਲ ਕਰੀਬ 25 ਟ੍ਰੈਵਲ ਏਜੰਟ ਦਫਤਰਾਂ ਵਿੱਚ ਛਾਪੇ ਮਾਰੇ ਤਾਂ ਇੱਕੋ ਵੇਲੇ ਪੁਲਸ ਕਾਰਵਾਈ ਦੇ ਨਾਲ ਟਰੈਵਲ ਕਾਰੋਬਾਰੀਆਂ ਵਿੱਚ ਤਰਥੱਲੀ ਮੱਚ ਗਈ ਤੇ ਉਹ ਆਪਣੇ ਦਫਤਰ ਬੰਦ ਕਰ ਕੇ ਭੱਜ ਗਏ। ਪੁਲਸ ਨੇ ਤਿੰਨ ਟ੍ਰੈਵਲ ਕਾਰੋਬਾਰੀਆਂ ਨੂੰ ਫੜ ਕੇ ਉਨ੍ਹਾਂ ਤੋਂ ਕਰੀਬ ਇੱਕ ਲੱਖ 82 ਹਜ਼ਾਰ ਰੁਪਏ ਨਕਦੀ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ।

ਇਸ ਸੰਬੰਧ ਵਿੱਚ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਬਸ ਸਟੈਂਡ ਨੇੜੇ ਕੁਝ ਟ੍ਰੈਵਲ ਕਾਰੋਬਾਰੀ ਬਿਨਾਂ ਲਾਇਸੈਂਸ ਨਾਜਾਇਜ਼ ਕਾਰੋਬਾਰ ਚਲਾ ਰਹੇ ਹਨ। ਇਸ ਦੇ ਬਾਅਦ ਚਾਰ ਟੀਮਾਂ ਦਾ ਗਠਨ ਕੀਤਾ ਗਿਆ ਤੇ ਇਨ੍ਹਾਂ ਨਾਲ ਭਾਰੀ ਮਾਤਰਾ ਵਿੱਚ ਪੁਲਸ ਦੇ ਮੁਲਾਜ਼ਮ ਤੈਨਾਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਚਾਰਾਂ ਟੀਮਾਂ ਨੇ ਬਸ ਸਟੈਂਡ ਦੇ ਆਲੇ ਦੁਆਲੇ ਕਰੀਬ 25 ਟਰੈਵਲ ਕਾਰੋਬਾਰੀਆਂ ਦੇ ਦਫਤਰਾਂ ਵਿੱਚ ਛਾਪੇ ਮਾਰੇ, ਜਿਨ੍ਹਾਂ ਕੋਲ ਲਾਇਸੈਂਸ ਤੇ ਦਸਤਾਵੇਜ਼ ਸਨ, ਉਨ੍ਹਾਂ ਨੂੰ ਚੈੱਕ ਕੀਤਾ ਗਿਆ ਅਤੇ ਜਿਨ੍ਹਾਂ ਕੋਲ ਦਸਤਾਵੇਜ਼ ਤੇ ਲਾਇਸੈਂਸ ਨਹੀਂ ਸੀ, ਉਨ੍ਹਾਂ ਨੂੰ ਪੁਲਸ ਨੇ ਫੜ ਲਿਆ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਫੜੇ ਗਏ ਟ੍ਰੈਵਲ ਕਾਰੋਬਾਰੀ ਆਈਲੈਟਸ ਸੈਂਟਰ ਦੇ ਨਾਂਅ ਉੱਤੇ ਕਾਰੋਬਾਰ ਕਰਦੇ ਸਨ। ਫਿਲਹਾਲ ਪੁਲਸ ਨੇ ਤਿੰਨ ਟ੍ਰੈਵਲ ਏਜੰਟਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਹੈ। ਫੜੇ ਗਏ ਲੋਕਾਂ ਦੀ ਪਛਾਣ ਮੋਹਿਤ ਮਿਨਹਾਸ ਵਾਸੀ ਗਿਆਨ ਨਗਰ (ਨੈਕਸਟ ਲੈਵਲ ਇੰਸਟੀਚਿਊਟ), ਸਤਿੰਦਰ ਪਾਲ ਸਿੰਘ, ਦੂਰਦਰਸ਼ਨ ਇਨਕਲੇਵ (ਗੁਰੂ ਆਈਲੈਟਸ) ਅਤੇ ਰਵਿੰਦਰ ਕੁਮਾਰ ਪਿੰਡ ਮੁਜ਼ੱਫਰਪੁਰ (ਬੈਂਡਸ ਸਾਲਿਊਸ਼ਨ ਆਈਲੈਟਸ) ਦੇ ਖਿਲਾਫ ਧਾਰਾ 406, 420, 120 ਬੀ, 12 ਪਾਸਪੋਰਟ ਐਕਟ ਅਤੇ 13 ਪੰਜਾਬ ਲੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਦਾ ਕੇਸ ਦਰਜ ਕੀਤਾ ਹੈ।

ਥਾਣੇ ਵਿੱਚ ਲੜਕੀ ਦੀ ਮੌਤ

# ਹਾਈ ਕੋਰਟ ਦੇ ਹੁਕਮਾਂ ਉਤੇ ਚਾਰ ਪੁਲਸੀਆਂ ਖਿਲਾਫ ਹੋਇਆ ਮਾਮਲਾ ਦਰਜ

ਲੁਧਿਆਣਾ, 16 ਜੂਨ (ਪੋਸਟ ਬਿਊਰੋ)- ਥਾਣਾ ਦੁਗਰੀ ਵਿੱਚ ਅਗਸਤ 2017 ਵਿੱਚ ਇੱਕ ਲੜਕੀ ਦੀ ਭੇਦਭਰੀ ਹਾਲਤ ਵਿੱਚ ਮੌਤ ਹੋਣ ਦੇ ਕੇਸ ਵਿੱਚ ਪੁਲਸ ਨੇ ਚਾਰ ਪੁਲਸ ਮੁਲਾਜ਼ਮਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਨਾਮਜ਼ਦ ਵਿੱਚ ਉਸ ਵਕਤ ਥਾਣੇ ਵਿੱਚ ਤੈਨਾਤ ਐੱਸ ਐੱਚ ਓ ਦਾ ਨਾਂਅ ਵੀ ਸ਼ਾਮਲ ਹੈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਦੁਗਰੀ ਦੀ ਪੁਲਸ ਨੇ ਚਾਰ ਅਗਸਤ 2017 ਨੂੰ ਦੁਗਰੀ ਦੇ ਰਹਿਣ ਵਾਲੇ ਮੁਕੁਲ ਗਰਗ ਤੇ ਉਸ ਦੀ ਪਤਨੀ ਰਮਨਦੀਪ ਕੌਰ ਨੂੰ ਏ ਟੀ ਐੱਮ ਫਰਾਡ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ, ਪਰ ਅਗਲੇ ਤੜਕੇ ਗਗਨਦੀਪ ਕੌਰ ਦੀ ਲਾਸ਼ ਥਾਣੇ ਦੇ ਬਾਥਰੂਮ ਵਿੱਚ ਲਟਕਦੀ ਮਿਲੀ ਸੀ। ਮੁਕੁਲ ਦੇ ਜੀਜਾ ਵਿਵੇਕ ਕੁਮਾਰ ਨੇ ਰਮਨਦੀਪ ਦੀ ਮੌਤ ਦਾ ਕਾਰਨ ਪੁਲਸ



ਤਸ਼ੱਦਦ ਦੱਸਿਆ ਸੀ, ਪਰ ਪੁਲਸ ਨੇ ਰਮਨਦੀਪ ਕੌਰ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੀ ਗੱਲ ਕਹੀ ਸੀ। ਪੁਲਸ ਨੇ ਮੁਕੁਲ ਗਰਗ ਨੂੰ ਜੇਲ੍ਹ ਭੇਜ ਦਿੱਤਾ ਸੀ। ਉਸ ਨੇ ਰਮਨਦੀਪ ਦੇ ਮੌਤ ਨੂੰ ਕਤਲ ਦਾ ਕੇਸ ਦੱਸ ਕੇ ਉਚ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਪੁਲਸ ਮੁਲਾਜ਼ਮਾਂ ਉੱਤੇ ਕਾਰਵਾਈ ਲਈ ਸ਼ਿਕਾਇਤ ਕੀਤੀ ਸੀ, ਪਰ ਅਧਿਕਾਰੀਆਂ ਨੇ ਜਦੋਂ ਇਸ ਬਾਰੇ ਕੋਈ ਕਾਰਵਾਈ ਨਾ ਕੀਤੀ ਤਾਂ ਮੁਕੁਲ ਗਰਗ ਨੇ ਹਾਈ ਕੋਰਟ ਵਿੱਚ ਰਿੱਟ ਦਾਇਰ ਕਰ ਦਿੱਤੀ ਸੀ।

ਇਸ ਕੇਸ ਦੀ ਗੰਭੀਰਤਾ ਨੂੰ ਵੇਖਦੇ ਹੋਏ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਾਗਵਾਨ ਨੇ ਸਾਰੇ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾਉਣ ਲਈ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਹੁਕਮ ਦਿੱਤੇ ਸੀ ਤਾਂ ਡੀ ਜੀ ਪੀ ਵੱਲੋਂ ਇੱਕ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕੁਝ ਦਿਨ ਪਹਿਲਾਂ ਜਾਂਚ ਕਮੇਟੀ ਦੇ ਮੈਂਬਰ ਲੁਧਿਆਣਾ ਆਏ ਅਤੇ ਉਨ੍ਹਾਂ ਨੇ ਸੰਬੰਧਤ ਪੁਲਸ ਵਾਲਿਆਂ ਦੇ ਬਿਆਨ ਦਰਜ ਕੀਤੇ। ਜਾਂਚ ਟੀਮ ਦੀ ਰਿਪੋਰਟ ਪਿੱਛੋਂ ਪੁਲਸ ਨੇ ਇਸ ਕੇਸ ਵਿੱਚ ਉਸ ਵੇਲੇ ਦੇ ਐੱਸ ਐੱਚ ਓ ਦਲਬੀਰ ਸਿੰਘ, ਡਿਊਟੀ ਅਫਸਰ ਸੁਖਦੇਵ ਸਿੰਘ, ਮਹਿਲਾ ਕਾਂਸਟੇਬਲ ਰਾਜਵਿੰਦਰ ਕੌਰ ਅਤੇ ਅਮਨਦੀਪ ਕੌਰ ਦੇ ਖਿਲਾਫ ਧਾਰਾ 304 ਏ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ।

## ਉਮਰਾਨੰਗਲ ਨੂੰ 305 ਸਫਿਆਂ ਦੀ ਚਾਰਜਸ਼ੀਟ ਦੀ ਕਾਪੀ ਸੌਂਪੀ ਗਈ

ਫਰੀਦਕੋਟ, 16 ਜੂਨ, (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਚਾਰਜਸ਼ੀਟ ਵਿਚ ਨਾਮਜ਼ਦ ਕੀਤੇ ਦੋਸ਼ੀਆਂ ਨੂੰ ਚਲਾਣ ਦੀਆਂ ਕਾਪੀਆਂ ਸੌਂਪਣ ਦੀ ਪ੍ਰਕਿਰਿਆ ਹੇਠ ਅੱਜ ਏਥੇ ਜੁਡੀਸ਼ਲ ਜੱਜ ਏਕਤਾ ਉੱਪਲ ਦੀ ਅਦਾਲਤ ਵਿਚ ਕੇਸ ਦੀ ਸੁਣਵਾਈ ਮੌਕੇ ਪੇਸ਼ੀ ਲਈ ਪਹੁੰਚੇ ਹੋਏ ਅਤੇ ਸਸਪੈਂਡ ਕੀਤੇ ਹੋਏ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਚਾਰਜਸ਼ੀਟ ਦੀ ਕਾਪੀ ਸੌਂਪ ਦਿੱਤੀ ਗਈ। ਇਸੇ ਕੇਸ ਦੇ ਹੋਰ ਦੋਸ਼ੀਆਂ ਵਿੱਚੋਂ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਨੇ ਖਰਾਬ ਸਿਹਤ ਦੇ ਆਧਾਰ ਉੱਤੇ ਆਪਣੀ ਹਾਜ਼ਰੀ ਤੋਂ ਛੋਟ ਮੰਗ ਲਈ ਸੀ, ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ ਸੀ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਐਸ ਆਈ ਟੀ ਦੀ ਚਾਰਜਸ਼ੀਟ ਵਿਚ ਅਕਾਲੀ ਦਲ ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਤੇ ਪੰਜ ਪੁਲਿਸ ਅਫਸਰਾਂ; ਸਸਪੈਂਡ ਕੀਤੇ ਹੋਏ ਆਈ ਜੀ ਪਰਮਰਾਜ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ, ਉਸ ਵਕਤ ਦੇ ਡੀ ਐਸ ਪੀ ਕੋਟਕਪੂਰਾ ਬਲਜੀਤ ਸਿੰਘ ਸਿੱਧੂ ਅਤੇ ਉਦੋਂ ਵਾਲੇ ਥਾਣਾ ਮੁਖੀ ਗੁਰਦੀਪ ਸਿੰਘ ਪੰਧੇਰ ਦੇ ਨਾਂਅ ਸ਼ਾਮਲ ਹਨ। ਸਸਪੈਂਡ ਕੀਤੇ ਆਈ ਜੀ ਉਮਰਾਨੰਗਲ ਦੇ ਵਕੀਲ ਗੁਰਸਾਹਿਬ ਸਿੰਘ ਬਰਾੜ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਪੇਸ਼ੀ ਮੌਕੇ ਉਮਰਾਨੰਗਲ ਦਾ ਨਿੱਜੀ ਤੌਰ ਉੱਤੇ ਹਾਜ਼ਰ ਹੋਣਾ ਜ਼ਰੂਰੀ ਹੈ ਤੇ ਉਨ੍ਹਾਂ ਦੀ ਮੰਗ ਉੱਤੇ ਹੀ ਅਦਾਲਤ ਨੇ ਚਾਰਜਸ਼ੀਟ ਦਿੱਤੀ ਹੈ। ਹੋਰ ਲੋੜ ਪਈ ਤਾਂ ਅਰਜ਼ੀ ਦੇ ਕੇ ਲਈ ਜਾ ਸਕੇਗੀ। ਇਸ ਕੇਸ ਦੇ ਕੁਲ ਛੇ ਦੋਸ਼ੀ ਹਨ ਅਤੇ ਅਦਾਲਤ ਨੇ ਸਾਰਿਆਂ ਨੂੰ ਸ਼ਨਿਚਰਵਾਰ ਨੂੰ ਪੇਸ਼ ਹੋਣ ਦੇ ਸੰਮਨ ਭੇਜੇ ਸਨ, ਜਿਨ੍ਹਾਂ ਵਿੱਚੋਂ ਸਿਰਫ ਆਈ ਜੀ ਉਮਰਾਨੰਗਲ ਪੇਸ਼ ਹੋਏ ਹਨ। ਏ ਡੀ ਸੀ ਪੀ ਲੁਧਿਆਣਾ ਨੂੰ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ ਤੇ ਉਸ ਵਕਤ ਦੇ ਡੀ ਐਸ ਪੀ ਬਲਜੀਤ ਸਿੰਘ ਸਿੱਧੂ ਅਤੇ ਥਾਣਾ ਸਿਟੀ ਮੁਖੀ ਗੁਰਦੀਪ ਸਿੰਘ ਪੰਧੇਰ ਦੀ ਅਗੇਤੀ ਜ਼ਮਾਨਤ ਦੇ ਲਈ ਅਰਜ਼ੀ ਜ਼ਿਲ੍ਹਾ ਅਦਾਲਤ ਨੇ ਰੱਦ ਕਰ ਦਿੱਤੀ ਸੀ। ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲ ਚੁੱਕੀ ਹੈ। ਇਸ ਕੇਸ ਦੀ ਅਗਲੀ ਸੁਣਵਾਈ 12 ਜੁਲਾਈ ਨੂੰ ਹੈ।

## ਡੇਰਾ ਸੱਚਖੰਡ ਬਲਾਂ ਦਾ ਟਰੱਸਟ ਤੋੜਨ ਦੀ ਮੰਗ ਵੀ ਉੱਠ ਪਈ



ਜਲੰਧਰ, 16 ਜੂਨ (ਪੋਸਟ ਬਿਊਰੋ)- ਡੇਰਾ ਸੱਚਖੰਡ ਬੱਲਾਂ ਦੇ ਉਪ ਮੁਖੀ ਮਰਹੂਮ ਸੰਤ ਰਾਮਾਨੰਦ ਦੇ ਭਰਾ ਬੁੱਧ ਪ੍ਰਕਾਸ਼ ਨੇ ਇਸ ਡੇਰੇ ਦੇ ਮੌਜੂਦਾ ਪ੍ਰਬੰਧਕਾਂ ਉੱਤੇ ਦੋਸ਼ ਲਾਉਂਦਿਆਂ ਪੰਜਾਬ ਦੀ ਸਰਕਾਰ ਤੋਂ ਮੰਗ ਕੀਤੀ ਕਿ ਇਸ ਟਰੱਸਟ ਨੂੰ ਭੰਗ ਕਰਕੇ ਉਥੇ ਰਿਸੀਵਰ ਨਿਯੁਕਤ ਕਰ ਦਿੱਤਾ ਜਾਵੇ। ਕੱਲ੍ਹ ਇਥੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਦੇ ਦੌਰਾਨ ਆਖਿਆ ਕਿ ਇਸ ਡੇਰੇ ਵਿੱਚ ਵਿੱਤੀ ਗੜਬੜੀਆਂ ਚੱਲ ਰਹੀਆਂ ਹਨ।

ਬੁੱਧ ਪ੍ਰਕਾਸ਼ ਦੇ ਦੱਸਣ ਮੁਤਾਬਕ ਸਾਲ 2009 ਵਿੱਚ ਵਿਆਨਾ ਵਿੱਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਅਤੇ ਉਪ ਮੁਖੀ ਸੰਤ ਰਾਮਾਨੰਦ ਉੱਤੇ ਹਮਲਾ ਹੋਇਆ ਸੀ, ਜਿਸ ਵਿੱਚ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਸੰਤ ਰਾਮਾਨੰਦ ਦੇ ਦੇਹਾਂਤ ਨੂੰ 10 ਸਾਲ ਬੀਤ ਜਾਣ ਉਤੇ ਵੀ ਉਨ੍ਹਾਂ ਨੇ ਕਦੇ ਡੇਰੇ ਵਿੱਚ ਕੋਈ ਦਖਲ ਨਹੀਂ ਸੀ ਦਿੱਤਾ, ਪਰ ਆਖਰ ਨੂੰ ਡੇਰੇ ਵਿਚਲੀਆਂ ਗੜਬੜਾਂ ਬਾਰੇ ਸੰਗਤ ਨੂੰ ਜਾਣੂ ਕਰਾਉਣਾ ਆਪਣਾ ਫਰਜ਼ ਸਮਝਿਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਨਾਂ ਦੇਰ ਇਸ ਡੇਰੇ ਉਤੇ ਰਿਸੀਵਰ ਨਿਯੁਕਤ ਕੀਤਾ ਜਾਵੇ। ਸੰਤ ਰਾਮਾਨੰਦ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਰਮੇਸ਼ ਲਾਲ ਕਾਲਾ ਤੇ ਬੁੱਧ ਪ੍ਰਕਾਸ਼ ਨੇ ਉਨ੍ਹਾਂ ਦੇ ਨਾਲ ਇਹ ਦੋਸ਼ ਲਾਇਆ ਕਿ ਸੰਤ ਰਾਮਾਨੰਦ ਦੇ ਨਾਂ ਉਤੇ ਬੈਂਕ ਦੇ ਖਾਤੇ ਵਿੱਚੋਂ ਵੀ ਗੈਰ-ਕਾਨੂੰਨੀ ਤੌਰ 'ਤੇ ਪੈਸੇ ਕਢਵਾਏ ਗਏ ਹਨ।

ਦੂਸਰੇ ਪਾਸੇ ਡੇਰੇ ਵੱਲੋਂ ਪੱਖ ਰੱਖਦਿਆਂ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੈਰੀਟੇਬਲ ਟਰੱਸਟ ਦੇ ਜਨਰਲ ਸਕੱਤਰ ਸੱਤਪਾਲ ਵਿਰਦੀ ਨੇ ਬੁੱਧ ਪ੍ਰਕਾਸ਼ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕੀਤਾ ਹੈ।

# ਵੀਜ਼ੇ ਤੇ ਗੱਡੀ ਤਿਆਰ ਹੋਣ ਦੇ ਬਾਵਜੂਦ ਸਿੱਖ ਸ਼ਰਧਾਲੂ ਪਾਕਿ ਨੂੰ ਨਹੀਂ ਜਾ ਸਕੇ

ਅੰਮ੍ਰਿਤਸਰ, 16 ਜੂਨ (ਪੋਸਟ ਬਿਊਰੋ)- ਮੁੱਢਲੇ ਨਾਨਕਸ਼ਾਹੀ ਕੈਲੰਡਰ ਮੁਤਾਬਕ 16 ਜੂਨ ਨੂੰ ਪਾਕਿਸਤਾਨ ਵਿੱਚ ਮਨਾਏ ਜਾ ਰਹੇ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਲਈ 150 ਸਿੱਖ ਯਾਤਰੀ ਪਾਕਿਸਤਾਨ ਨਹੀਂ ਜਾ ਸਕੇ। ਗੁੱਸੇ ਵਿੱਚ ਯਾਤਰੂਆਂ ਨੇ ਅਟਾਰੀ ਰੇਲਵੇ ਸਟੇਸ਼ਨ ਅੱਗੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਵਿਰੁੱਧ ਡਟ ਕੇ ਨਾਅਰੇਬਾਜ਼ੀ ਕੀਤੀ ਅਤੇ ਉਨ੍ਹਾਂ ਨੂੰ ਜਾਣ ਦੀ ਆਗਿਆ ਦੇਣ ਦੀ ਮੰਗ ਉਠਾਈ।



ਵਰਨਣ ਯੋਗ ਹੈ ਕਿ ਇਨ੍ਹਾਂ ਯਾਤਰੂਆਂ ਨੂੰ ਭਾਰਤ ਤੋਂ ਲਿਆਉਣ ਲਈ ਪਾਕਿਸਤਾਨ ਨੇ ਵਿਸ਼ੇਸ਼ ਰੇਲ ਗੱਡੀ ਭੇਜੀ ਸੀ, ਜਿਹੜੀ ਸਿਰਫ ਡੇਢ ਕਿਲੋਮੀਟਰ ਦੀ ਦੂਰੀ ਤੈਅ ਕਰਨ ਦੀ ਇਜਾਜ਼ਤ ਉਡੀਕਦੀ ਰਹੀ। ਯਾਤਰਾ ਦਸਤਾਵੇਜ਼ ਹੋਣ ਦੇ ਬਾਵਜੂਦ ਸਿੱਖ ਯਾਤਰੀਆਂ ਦੇ ਜਥੇ ਨੂੰ ਪਾਕਿਸਤਾਨ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਜਾਣ ਦੀ ਭਾਰਤ ਸਰਕਾਰ ਨੇ ਇਜਾਜ਼ਤ ਨਹੀਂ ਦਿੱਤੀ, ਜਿਸ ਕਾਰਨ ਉਨ੍ਹਾਂ ਵਿੱਚ ਰੋਸ ਸੀ। ਵੱਖ-ਵੱਖ ਜਥੇਬੰਦੀਆਂ ਨੇ ਇਸ ਦਿਹਾੜੇ ਨੂੰ ਮਨਾਉਣ ਲਈ ਪਾਕਿਸਤਾਨ ਦੇ ਦੂਤਘਰ ਤੋਂ ਵੀਜ਼ਿਆਂ ਦੀ ਮੰਗ ਕੀਤੀ ਸੀ, ਜਿਸ ਪਿੱਛੋਂ ਚਾਰ ਜੂਨ ਨੂੰ ਭਾਰਤ ਦੇ ਕਰੀਬ 150 ਯਾਤਰੀਆਂ ਨੂੰ ਵੀਜ਼ੇ ਦਿੱਤੇ ਗਏ ਸਨ। ਯਾਤਰੂਆਂ ਨੂੰ ਕਿਹਾ ਗਿਆ ਸੀ ਕਿ ਉਹ ਹਰ ਹਾਲ ਸਵੇਰੇ ਅੱਠ ਵਜੇ ਅਟਾਰੀ ਰੇਲਵੇ ਸਟੇਸ਼ਨ ਪੁੱਜ ਜਾਣ ਤਾਂ ਕਿ ਸਮੇਂ ਸਿਰ ਪਾਕਿਸਤਾਨ ਭੇਜਿਆ ਜਾ ਸਕੇ, ਪਰ ਜਿਸ ਵਿਸ਼ੇਸ਼ ਰੇਲ ਗੱਡੀ ਰਾਹੀਂ ਯਾਤਰੂਆਂ ਨੇ ਪਾਕਿਸਤਾਨ ਜਾਣਾ ਸੀ, ਉਸ ਨੂੰ ਭਾਰਤ ਆਉਣ ਦੀ ਵਿਦੇਸ਼ ਮੰਤਰਾਲੇ ਨੇ ਇਜਾਜ਼ਤ ਨਹੀਂ ਦਿੱਤੀ। ਅਟਾਰੀ ਦੇ ਸਟੇਸ਼ਨ ਮਾਸਟਰ ਮੋਤੀ ਲਾਲ ਨੇ ਦੱਸਿਆ ਕਿ ਉਸ ਨੂੰ ਜਦ ਪਤਾ ਲੱਗਾ ਕਿ 14 ਜੂਨ ਨੂੰ ਯਾਤਰੂ ਪਾਕਿਸਤਾਨ ਜਾ ਰਹੇ ਹਨ ਤਾਂ ਉਸ ਨੇ ਰੇਲਵੇ ਡਵੀਜ਼ਨ ਫਿਰੋਜ਼ਪੁਰ ਨੂੰ ਸੂਚਨਾ ਦਿੱਤੀ ਸੀ, ਉਸ ਨੂੰ ਅੱਜ ਤੱਕ ਕਲੀਅਰੈਂਸ ਨਹੀਂ ਮਿਲੀ। ਮੋਤੀ ਲਾਲ ਨੇ ਯਾਤਰੂਆਂ ਨੂੰ ਉਡੀਕ ਕਰਨ ਨੂੰ ਕਿਹਾ, ਜਿਸ ਪਿੱਛੋਂ ਕਰੀਬ 11.30 ਵਜੇ ਉਸ ਨੇ ਦੱਸਿਆ ਕਿ ਸਰਕਾਰ ਨੇ ਵਿਸ਼ੇਸ਼ ਟਰੇਨ ਨੂੰ ਭਾਰਤ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਯਾਤਰੂ ਜਥੇ ਦੀ ਮਦਦ ਲਈ ਦਿੱਲੀ ਦੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਪਣੇ ਵੱਲੋਂ ਕੋਸ਼ਿਸ਼ਾਂ ਕਰਦਿਆਂ ਪਾਕਿਸਤਾਨ ਹਾਈ ਕਮਿਸ਼ਨ ਦਿੱਲੀ ਤੇ ਵਿਦੇਸ਼ ਵਿਭਾਗ ਨਾਲ ਸੰਪਰਕ ਕੀਤਾ, ਪਰ ਕੋਈ ਸਿੱਟਾ ਨਹੀਂ ਨਿਕਲਿਆ। ਯਾਤਰੂਆਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਸੜਕ ਰਾਹੀਂ ਪਾਕਿਸਤਾਨ ਜਾਣ ਦਿੱਤਾ ਜਾਵੇ, ਪਰ ਇਹ ਮੰਗ ਇਮੀਗ੍ਰੇਸ਼ਨ ਵਿਭਾਗ ਨੇ ਇਹ ਕਹਿ ਕੇ ਠੁਕਰਾ ਦਿੱਤੀ ਕਿ ਵੀਜ਼ੇ ਰੇਲ ਰਾਹੀਂ ਜਾਣ ਦੇ ਹਨ, ਇਸ ਲਈ ਏਦਾਂ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ।

## 'ਆਪ' ਦੇ ਵਿਧਾਇਕਾਂ ਉੱਤੇ ਸਪੀਕਰ ਦੀ ਖਾਸ ਮਿਹਰਬਾਨੀ

ਚੰਡੀਗੜ੍ਹ, 16 ਜੂਨ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਦੇ ਨਵੇਂ ਪੈਂਤੜੇ ਬਾਰੇ ਕਿਸੇ ਨੂੰ ਸਮਝ ਨਹੀਂ ਪੈ ਸਕੀ। ਸਾਲ 2017 ਵਿੱ ਜਿੱਤੇ ਹੋਏ ਜਿਹੜੇ ਵਿਧਾਇਕ ਧੜਾਧੜ ਅਸਤੀਫੇ ਦੇ ਗਏ ਜਾਂ ਦੂਜੀਆਂ ਪਾਰਟੀਆਂ ਖਾਸਕਰ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ, ਉਨ੍ਹਾਂ ਦੇ ਅਸਤੀਫੇ ਮਨਜ਼ੂਰ ਕਰਨ ਦੀ ਥਾ ਸਪੀਕਰ ਨੇ ਉਨ੍ਹਾਂ ਨੂੰ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਬਣਾ ਦਿੱਤਾ ਹੈ। ਇਸ ਦੀ ਮਿਸਾਲ ਸਪੀਕਰ ਵੱਲੋਂ ਕੱਲ੍ਹ ਗਠਿਤ ਕੀਤੀਆਂ 13 ਵੱਖ-ਵੱਖ ਕਮੇਟੀਆਂ ਦੇ ਮੈਂਬਰਾਂ ਵਜੋਂ ਵੇਖੀ ਜਾ ਸਕਦੀ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਸੁਖਪਾਲ ਸਿੰਘ ਖਾਹਿਰਾ, ਜਿਹੜੇ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਜਿੱਤੇ ਸਨ ਅਤੇ ਫਿਰ ਵਿਰੋਧੀ ਧਿਰ ਦੇ ਨੇਤਾ ਬਣੇ ਅਤੇ ਇਸ ਅਹੁਦੇ ਤੋਂ ਲਾਹੇ ਜਾਣ ਪਿੱਛੋਂ ਬਗਾਵਤ ਕਰ ਕੇ ਨਵੀਂ ਪਾਰਟੀ ਬਣਾ ਚੁੱਕੇ ਅਤੇ ਲੋਕ ਸਭਾ ਦੀਆਂ ਚੋਣਾਂ ਲੜ ਚੁੱਕੇ ਹਨ, ਉਨ੍ਹਾਂ ਨੇ ਆਪਣੀ ਮਰਜ਼ੀ ਦੇ ਫਾਰਮੈਟ ਵਿੱਚ ਅਸਤੀਫਾ ਦੇ ਦਿੱਤਾ ਸੀ। ਵਿਧਾਨ ਸਭਾ ਦੇ ਸਪੀਕਰ ਆਪਣੇ ਇਸ ਪੁਰਾਣੇ ਕਾਂਗਰਸੀ ਸਾਥੀ ਸੁਖਪਾਲ ਸਿੰਘ ਖਹਿਰਾ ਉਤੇ ਮਿਹਰਬਾਨੀ ਕਰਦੇ ਹੋਏ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰਨ ਦੀ ਥਾਂ ਉਨ੍ਹਾਂ ਨੂੰ ਲਗਾਤਾਰ ਤਰੀਕਾਂ ਦਿੰਦੇ ਆਏ ਸਨ ਅਤੇ ਫਿਰ ਅਸਤੀਫਾ ਮਨਜ਼ੂਰ ਕਰਨ ਦੀ ਥਾਂ ਉਨ੍ਹਾਂ ਨੂੰ ਵਿਧਾਨ ਸਭਾ ਵਿਚਲੀ ਇਕ ਕਮੇਟੀ ਦਾ ਮੈਂਬਰ ਬਣਾ ਦਿੱਤਾ ਹੈ। ਸੀਨੀਅਰ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਉਤੇ ਵੀ ਸਪੀਕਰ ਦੀ ਖਾਸ ਨਜ਼ਰੇ ਮਿਹਰ ਵੇਖਣ ਨੂੰ ਮਿਲ ਰਹੀ ਹੈ। ਮੇਜ਼ 'ਤੇ ਰੱਖੇ ਗਏ/ ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਬਾਰੇ ਕਮੇਟੀ ਦਾ ਚੇਅਰਮੈਨ ਅਕਾਲੀ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਲਾਇਆ ਤੇ ਮੈਂਬਰਾਂ ਵਿੱਚ ਹੋਰਨਾਂ ਤੋਂ ਬਿਨਾ ਸੁਖਪਾਲ ਸਿੰਘ ਖਹਿਰਾ ਸ਼ਾਮਲ ਹਨ। ਵਿਧਾਨ ਕਮੇਟੀ ਦਾ ਚੇਅਰਮੈਨ ਤਰਸੇਮ ਸਿੰਘ ਡੀ ਸੀ ਨੂੰ ਲਾਇਆ ਹੈ ਤੇ ਮੈਂਬਰਾਂ ਵਿੱਚ ਹਰਵਿੰਦਰ ਸਿੰਘ ਫੂਲਕਾ ਵੀ ਸ਼ਾਮਲ ਕੀਤੇ ਹਨ। ਪਟੀਸ਼ਨ ਕਮੇਟੀ ਦਾ ਚੇਅਰਮੈਨ ਗੁਰਕੀਰਤ ਸਿੰਘ ਕੋਟਲੀ ਨੂੰ ਬਣਾਇਆ ਅਤੇ ਮੈਂਬਰਾਂ ਵਿੱਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਸੰਦੋਆ ਨੂੰ ਪਾ ਦਿੱਤਾ ਹੈ, ਜਿਹੜਾ ਕੁਝ ਦਿਨ ਪਹਿਲਾਂ ਵਿਧਾਇਕੀ ਤੋਂ ਅਸਤੀਫਾ ਦੇ ਕੇ ਕਾਂਗਰਸ ਵਿੱਚ ਚਲਾ ਗਿਆ ਸੀ। ਵਿਸ਼ੇਸ਼ ਅਧਿਕਾਰ ਕਮੇਟੀ ਦਾ ਚੇਅਰਮੈਨ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਲਾਇਆ ਅਤੇ ਮੈਂਬਰਾਂ ਵਿੱਚ ਹੋਰਨਾਂ ਤੋਂ ਇਲਾਵਾ ਆਮ ਆਦਮੀ ਛੱਡ ਕੇ ਕਾਂਗਰਸ 'ਚ ਸ਼ਾਮਲ ਹੋ ਚੁੱਕੇ ਏਸੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਸ਼ਾਮਲ ਕੀਤਾ ਹੈ।

# ਸਕੂਲਾਂ ਦੀ ਹੱਦ ਨੇੜੇ ਵਰਦੀਆਂ ਤੇ ਕਿਤਾਬਾਂ ਦੀ ਵਿਕਰੀ ਉੱਤੇ ਰੋਕ



ਚੰਡੀਗੜ੍ਹ, 16 ਜੂਨ (ਪੋਸਟ ਬਿਊਰੋ)- ਪੰਜਾਬ ਵਿੱਚ ਕੁਝ ਪ੍ਰਾਈਵੇਟ ਸਕੂਲਾਂ ਵੱਲੋਂ ਮਾਪਿਆਂ ਦੇ ਆਰਥਿਕ ਸ਼ੋਸ਼ਣ ਦੀਆਂ ਰਿਪੋਰਟਾਂ ਪਿੱਛੋਂ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਸਾਰੇ ਰਾਜ ਵਿੱਚ ਸੀ ਬੀ ਐੱਸ ਈ, ਆਈ ਸੀ ਐੱਸ ਈ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਸਾਰੇ ਸਕੂਲਾਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਉਹ ਮਾਪਿਆਂ ਨੂੰ ਸਕੂਲ ਵੱਲੋਂ ਦੀ ਗਈ ਦੁਕਾਨ/ ਫਰਮ ਤੋਂ ਕਿਤਾਬਾਂ ਜਾਂ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰਨਗੇ। ਇਸ ਦੇ ਨਾਲ ਸਕੂਲ ਦੀ ਹੱਦ ਵਿੱਚ ਕਿਤਾਬਾਂ ਤੇ ਵਰਦੀਆਂ ਦੀ ਵਿਕਰੀ ਉੱਤੇ ਵੀ ਰੋਕ ਲਗਾ ਦਿੱਤੀ ਗਈ ਹੈ।

ਸਿੱਖਿਆ ਮੰਤਰੀ ਵੱਲੋਂ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਕੂਲ ਵੱਲੋਂ ਲਾਈ ਗਈ ਵਰਦੀ ਘੱਟੋ ਘੱਟ ਤਿੰਨ ਸਾਲ ਲਾਗੂ ਰਹੇਗੀ ਤੇ ਇਸ ਸਮੇਂ ਦੌਰਾਨ ਵਰਦੀ ਦੇ ਰੰਗ ਅਤੇ ਡਿਜ਼ਾਈਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਵਰਦੀ ਦੇ ਰੰਗ ਤੇ ਡਿਜ਼ਾਈਨ ਦੀ ਸਾਰੀ ਜਾਣਕਾਰੀ ਸਕੂਲ ਦੀ ਵੈੱਬਸਾਈਟ 'ਤੇ ਅਪਲੋਡ ਕਰਨ ਨੂੰ ਕਿਹਾ ਗਿਆ ਹੈ, ਤਾਂ ਜੋ ਮਾਪਿਆਂ ਵੱਲੋਂ ਰੈਡੀਮੇਡ ਵਰਦੀ ਕਿਸੇ ਵੀ ਥਾਂ ਤੋਂ ਖਰੀਦੀ ਜਾ ਸਕੇ ਜਾਂ ਆਪਣੀ ਲੋੜ ਮੁਤਾਬਕ ਸਿਲਵਾਈ ਜਾ ਸਕੇ। ਸਕੂਲ ਅਥਾਰਟੀਜ਼ ਲਈ ਇਹ ਵੀ ਲਾਜ਼ਮੀ ਕੀਤਾ ਗਿਆ ਹੈ ਕਿ ਉਹ ਬੋਰਡ ਸਿਲੇਬਸ 'ਤੇ ਆਧਾਰਤ ਪ੍ਰਵਾਨਿਤ ਕਿਤਾਬਾਂ ਹੀ ਲਾਉਣ ਤੇ ਇਨ੍ਹਾਂ ਕਿਤਾਬਾਂ ਦੀ ਸੂਚੀ ਸਕੂਲ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਜਾਵੇ, ਤਾਂ ਜੋ ਵਿਦਿਆਰਥੀ ਤੇ ਮਾਪੇ ਆਪਣੀ ਸਹੂਲਤ ਦੇ ਮੁਤਾਬਕ ਕਿਸੇ ਵੀ ਦੁਕਾਨ ਤੋਂ ਕਿਤਾਬਾਂ ਖਰੀਦ ਸਕਣ। ਇਹ ਹਦਾਇਤਾਂ ਲਾਗੂ ਕਰਨ ਲਈ ਇੱਕ ਹਫਤੇ ਦਾ ਸਮਾਂ ਦੇ ਕੇ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਜਿਨ੍ਹਾਂ ਸਕੂਲਾਂ ਦੀ ਵੈੱਬਸਾਈਟ ਨਹੀਂ ਹੈ, ਉਹ ਜਲਦੀ ਆਪਣੇ ਸਕੂਲ ਦੀ ਵੈੱਬਸਾਈਟ ਬਣਵਾ ਕੇ ਕਿਤਾਬਾਂ ਤੇ ਵਰਦੀਆਂ ਦੀ ਸੂਚੀ ਅਪਲੋਡ ਕਰਨ। ਉਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਵਾਲੇ ਸਕੂਲਾਂ ਦੀ ਐੱਨ ਓ ਸੀ ਰੱਦ ਕਰ ਦਿੱਤੀ ਜਾਵੇਗੀ।

## ਗੋਲੀਆਂ ਮਾਰ ਕੇ ਕੀਤੀ ਪਤਨੀ ਦੀ ਹੱਤਿਆ

ਜੋਧਾਂ, 16 ਜੂਨ (ਪੋਸਟ ਬਿਊਰੋ)- ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਪੁਲਸ ਥਾਣਾ ਜੋਧਾਂ ਦੇ ਪਿੰਡ ਖੰਡੂਰ ਵਿਖੇ ਪਤੀ ਨੇ ਗੋਲੀਆਂ ਮਾਰ ਕੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਸੇਵਾ ਮੁਕਤ ਫੌਜੀ ਸੁਖਦੇਵ ਸਿੰਘ (65) ਨੇ ਘਰੇਲੂ ਝਗੜੇ ਕਾਰਨ ਦੋ ਗੋਲੀਆਂ ਮਾਰ ਕੇ ਆਪਣੀ ਪਤਨੀ ਗੁਰਮੀਤ ਕੌਰ (62) ਨੂੰ ਮਾਰ ਦਿੱਤਾ। ਇਸ ਦੀ ਸੂਚਨਾ ਮਿਲਣ ਉੱਤੇ ਰੁਪਿੰਦਰ ਭਾਰਦਵਾਜ ਐਸ ਪੀ ਡੀ ਅਤੇ ਹੋਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਥਾਣਾ ਜੋਧਾਂ ਵਿਖੇ ਇਸ ਬਾਰੇ ਜਸਪ੍ਰੀਤ ਕੌਰ ਪਤਨੀ ਭੁਪਿੰਦਰਜੀਤ ਸਿੰਘ ਦੇ ਬਿਆਨਾਂ ਦੇ ਆਧਾਰ ਉੱਤੇ ਸੁਖਦੇਵ ਸਿੰਘ ਉੱਤੇ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ।

ਪੁਲਸ ਜ਼ਿਲ੍ਹਾ ਦਿਹਾਤੀ ਦੇ ਐੱਸ ਪੀ (ਡੀ) ਰੁਪਿੰਦਰ ਭਾਰਦਵਾਜ ਨੇ ਦੱਸਿਆ ਕਿ ਮ੍ਰਿਤਕ ਦੀ ਨੂੰਹ ਜਸਪ੍ਰੀਤ ਕੌਰ ਦੇ ਮੁਤਾਬਕ ਸਵੇਰੇ ਜਦੋਂ ਉਹ ਰਸੋਈ ਵਿੱਚ ਖਾਣਾ ਖਾ ਰਹੀ ਸੀ ਤਾਂ ਕਮਰੇ 'ਚ ਉਸ ਦੀ ਸੱਸ ਗੁਰਮੀਤ ਕੌਰ ਅਤੇ ਸਹੁਰਾ ਸੁਖਦੇਵ ਸਿੰਘ ਦਾ ਕਿਸੇ ਗੱਲ ਬਾਰੇ ਝਗੜਾ ਹੋ ਗਿਆ। ਉਸ ਨੇ ਕਮਰੇ ਦਾ ਦਰਵਾਜ਼ਾ ਖੜਕਾਇਆ, ਜੋ ਅੰਦਰੋਂ ਬੰਦ ਸੀ, ਇੰਨੇ ਨੂੰ ਉਸ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤੇ ਉਹ ਡਰ ਗਈ, ਉਹ ਮਦਦ ਲਈ ਗੁਆਂਢੀਆਂ ਨੂੰ ਬੁਲਾਉਣ ਗਈ ਤਾਂ ਬਾਅਦ ਵਿੱਚ ਉਸ ਦਾ ਸਹੁਰਾ ਸੁਖਦੇਵ ਸਿੰਘ ਫਰਾਰ ਹੋ ਗਿਆ।

## ਮੁਕਤਸਰ ਵਿੱਚ ਮਾਂ ਧੀ ਦੀ ਕੁੱਟ-ਮਾਰ ਦਾ ਵੀਡੀਓ ਵਾਇਰਲ

* ਕਾਂਗਰਸੀ ਕੌਂਸਲਰ ਦੇ ਭਰਾ ਸਮੇਤ ਦੋਸ਼ੀ ਗ੍ਰਿਫਤਾਰ



ਮੁਕਤਸਰ ਸਾਹਿਬ, 16 ਜੂਨ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਮੁਕਤਸਰ ਨਗਰ ਕੌਂਸਲ ਦੇ ਕਾਂਗਰਸੀ ਕੌਂਸਲਰ ਰਾਕੇਸ਼ ਚੌਧਰੀ ਦੇ ਭਰਾਵਾਂ ਤੇ ਅੱਧੀ ਦਰਜਨ ਗੁੰਡਿਆਂ ਨੇ ਦੋ ਔਰਤਾਂ ਨੂੰ ਘਰੋਂ ਧੂਹ ਕੇ ਉਨ੍ਹਾਂ ਦੀ ਸੜਕ 'ਤੇ ਬੈਲਟਾਂ, ਸੋਟੀਆਂ ਤੇ ਲੱਤਾਂ ਮੁੱਕੀਆਂ ਨਾਲ ਕੁੱਟਮਾਰ ਕੀਤੀ। ਇਸ ਦੀ ਵਜ੍ਹਾ ਵਿਆਜ ਦੇ 23 ਹਜ਼ਾਰ ਰੁਪਏ ਦਾ ਲੈਣ ਦੇਣ ਹੈ। ਪੀੜਤ ਔਰਤ ਤੇ ਉਸ ਦੀ ਮਾਤਾ ਸਿਵਲ ਹਸਪਤਾਲ 'ਚ ਦਾਖਲ ਹਨ, ਡਾਕਟਰਾਂ ਅਨੁਸਾਰ ਉਨ੍ਹਾਂ ਦੇ ਗੁੱਝੀਆਂ ਸੱਟਾਂ ਹਨ। ਪੀੜਤ ਦੇ ਲੜਕੇ ਵੱਲੋਂ ਇਸ ਘਟਨਾ ਦੀ ਬਣਾਈ ਵੀਡੀਓ ਵਾਇਰਲ ਹੋਣ ਨਾਲ ਮਾਮਲਾ ਚਰਚਾ ਵਿੱਚ ਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਵਾਰਡ ਨੰਬਰ-29 ਦੇ ਕੌਂਸਲਰ ਰਾਕੇਸ਼ ਚੌਧਰੀ ਦਾ ਪਰਵਾਰ ਵਿਆਜ 'ਤੇ ਪੈਸੇ ਦਿੰਦਾ ਹੈ। ਪੀੜਤ ਔਰਤ ਦੇ ਲੜਕੇ ਸੂਰਜ ਨੇ ਉਨ੍ਹਾਂ ਕੋਲੋਂ ਆਪਣੀ ਭੈਣ ਦੇ ਇਲਾਜ ਵਾਸਤੇ ਦੋ ਲੱਖ ਰੁਪਏ ਲਏ ਸਨ। ਉਸ ਨੇ ਸੱਤ ਲੱਖ ਰੁਪਏ ਮੋੜ ਦਿੱਤੇ ਹਨ, ਪਰ ਰਕੇਸ਼ ਚੌਧਰੀ ਉਸ ਦੇ ਸਿਰ 23 ਹਜ਼ਾਰ ਰੁਪਏ ਹੋਰ ਕੱਢ ਰਿਹਾ ਹੈ। ਕੱਲ੍ਹ ਉਸ ਦੇ ਭਰਾ ਸੰਨੀ, ਰੂਪ ਅਤੇ ਕੁਝ ਹੋਰ ਆਦਮੀ ਪੀੜਤ ਦੇ ਘਰ ਪੈਸੇ ਲੈਣ ਆਏ। ਪੈਸੇ ਨਾ ਮਿਲਣ ਕਾਰਨ ਉਨ੍ਹਾਂ ਨੇ ਸੂਰਜ ਦੀ ਭੈਣ ਅਤੇ ਉਸ ਦੀ ਮਾਂ ਸਣੇ ਬੱਚਿਆਂ ਦੀ ਕੁੱਟਮਾਰ ਕੀਤੀ। ਸੂਰਜ ਦੇ ਪਿਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਰਾਕੇਸ਼ ਚੌਧਰੀ ਉਨ੍ਹਾਂ ਨੂੰ ਕਈ ਵਾਰ ਜਾਨੋਂ ਮਾਰਨ ਤੇ ਲੜਕੀਆਂ ਚੁੱਕ ਲਿਜਾਣ ਦੀਆਂ ਧਮਕੀਆਂ ਦੇ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਕੁੱਟਮਾਰ ਕਰਨ ਵਾਲਿਆਂ 'ਚ ਚੌਧਰੀ ਪਰਵਾਰ ਦੀ ਔਰਤ ਵੀ ਸ਼ਾਮਲ ਸੀ।

ਪੰਜਾਬ ਜਮਹੂਰੀ ਅਧਿਕਾਰ ਸਭਾ ਦੇ ਆਗੂ ਐਡਵੋਕੇਟ ਐਨ ਕੇ ਜੀਤ ਅਤੇ ਪ੍ਰਿਤਪਾਲ ਸਿੰਘ ਹੋਰਨਾਂ ਨੇ ਪ੍ਰਸ਼ਾਸਨ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਕਾਂਗਰਸ ਦੀ ਹਲਕਾ ਇੰਚਾਰਜ ਕਰਨ ਕੌਰ ਬਰਾੜ ਨੇ ਵੀ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸਿਵਲ ਹਸਪਤਾਲ 'ਚ ਦਾਖਲ ਰਾਕੇਸ਼ ਚੌਧਰੀ ਦੇ ਪਰਵਾਰ ਦੀ ਔਰਤ ਰੇਨੂੰ ਨੇ ਦੱਸਿਆ ਕਿ ਉਹ ਆਪਣੇ ਪੈਸੇ ਲੈਣ ਗਏ ਸਨ, ਇਸ ਦੌਰਾਨ ਝਗੜਾ ਹੋ ਗਿਆ। ਕੌਂਸਲਰ ਰਕੇਸ਼ ਚੌਧਰੀ, ਉਸ ਦੇ ਭਰਾ ਸੰਨੀ ਚੌਧਰੀ, ਰੂਪ ਲਾਲ, ਸੁਰੇਸ਼, ਜੰਬੋ ਸਣੇ ਦਸ ਜਣਿਆਂ ਖਿਲਾਫ ਥਾਣਾ ਸਿਟੀ ਵਿੱਚ ਕੇਸ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।






## ਆਰਥਿਕ ਤੰਗੀ ਤੋਂ ਪ੍ਰੇਸ਼ਾਨ ਪਿਤਾ ਨੇ ਤਿੰਨ ਧੀਆਂ ਦਾ ਕੀਤਾ ਕਤਲ

ਭੁਬਨੇਸ਼ਵਰ, 16 ਜੂਨ, (ਪੋਸਟ ਬਿਊਰੋ)- ਓਡੀਸ਼ਾ ਦੇ ਪ੍ਰਮੁੱਖ ਤਿਉਹਾਰ ਰਜੋ ਦੇ ਦਿਨ ਇਕ ਦਰਦਨਾਕ ਕੇਸ ਸਾਹਮਣੇ ਆਇਆ ਹੈ। ਇਸ ਤਿੰਨ ਦਿਨਾਂ ਤਿਉਹਾਰ ਮੌਕੇ ਨਾਬਾਲਗ ਧੀਆਂ ਨਵੇਂ ਕੱਪੜੇ ਪਾ ਕੇ ਤਿਆਰ ਹੋ ਕੇ ਮਹਿੰਦੀ ਲਾਉਂਦੀਆਂ ਤੇ ਝੂਲੇ ਦੇ ਆਨੰਦ ਮਾਣਦੀਆਂ ਹਨ। ਇਹ ਤਿੰਨ ਦਿਨ ਲੜਕੀਆਂ ਤੋਂ ਘਰ ਦਾ ਕੰਮ ਨਾ ਕਰਾਉਣ ਦਾ ਰਿਵਾਜ ਹੈ। ਇਸ ਤਿਉਹਾਰ ਦੇ ਦਿਨ ਜਦੋਂ ਨਾਬਾਲਗ ਧੀਆਂ ਨੂੰ ਖਾਸ ਧਿਆਨ ਦਿੱਤਾ ਜਾਂਦਾ ਹੈ, ਓਦੋਂ ਇਕ ਬਾਪ ਨੇ ਕੁਹਾੜੀ ਨਾਲ ਆਪਣੀ ਤਿੰਨ ਮਾਸੂਮ ਧੀਆਂ ਦਾ ਕਤਲ ਕਰ ਦਿੱਤਾ ਅਤੇ ਫਿਰ ਖੁਦ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾਂ ਵਿੱਚ ਪਿਤਾ ਦੁਰਗਾ ਸਿੱਧੂ ਅਤੇ ਉਸ ਦੀਆਂ ਤਿੰਨ ਨਾਬਾਲਗ ਬੇਟੀਆਂ ਚਬੇ, ਚੁਕੁਲ ਅਤੇ ਮੁਕੱਤਾ ਸ਼ਾਮਲ ਹਨ। ਤਿੰਨਾਂ ਨਾਬਾਲਗ ਧੀਆਂ ਦੀ ਉਮਰ 6 ਤੋਂ 9 ਸਾਲ ਦੇ ਵਿਚਕਾਰ ਦੱਸੀ ਗਈ ਹੈ।

ਕਿਉਂਝਰ ਜ਼ਿਲੇ ਦੇ ਆਨੰਦਪੁਰ ਥਾਣੇ ਹੇਠਲੇ ਪੂਲੂ ਬਸਾ ਪਿੰਡ ਦੀ




ਇਸ ਘਟਨਾ ਪਿੱਛੇ ਆਰਥਿਕ ਤੰਗੀ ਮੁੱਖ ਕਾਰਨ ਦੱਸੀ ਗਈ ਹੈ। ਇਸ ਪਿੰਡ ਦੇ ਦੁਰਗਾ ਸਿੱਧੂ ਦੀ ਪਤਨੀ ਦੀ ਤਿੰਨ ਸਾਲ ਪਹਿਲਾਂ ਮੌਤ ਹੋ ਗਈ ਸੀ। ਉਸ ਤੋਂ ਬਾਅਦ ਤਿੰਨ ਬੇਟੀਆਂ ਤੇ ਬੁਜ਼ੁਰਗ ਮਾਂ ਦੀ ਜ਼ਿੰਮੇਵਾਰੀ ਦੁਰਗਾ ਦੇ ਸਿਰ ਪੈ ਗਈ ਤਾਂ ਉਹ ਪ੍ਰੇਸ਼ਾਨ ਰਹਿਣ ਲੱਗ ਪਿਆ। ਸ਼ੁੱਕਰਵਾਰ ਨੂੰ ਰਜੋ ਤਿਉਹਾਰ ਲਈ ਦੁਰਗਾ ਆਪਣੀਆਂ ਧੀਆਂ ਲਈ ਕੱਪੜੇ ਲੈ ਕੇ ਆਇਆ ਸੀ ਅਤੇ ਉਸ ਦੀ ਮਾਂ ਘਰ ਦਾ ਸਾਮਾਨ ਲੈਣ ਬਾਜ਼ਾਰ ਗਈ ਸੀ। ਇਸੇ ਦੌਰਾਨ ਪਿਤਾ ਦਾ ਦੀਆਂ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ, ਜਿਸ ਤੋਂ ਬਾਅਦ ਗੁੱਸੇ ਵਿੱਚ ਆਏ ਪਿਤਾ ਨੇ ਆਪਣੀਆਂ ਤਿੰਨਾਂ ਬੇਟੀਆਂ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਤੇ ਫਿਰ ਖੁਦ ਵੀ ਪੱਖੇ ਨਾਲ ਫਾਹਾ ਲਾ ਕੇ ਆਤਮ ਹੱਤਿਆ ਕਰ ਲਈ।

## ਨੀਤੀ ਆਯੋਗ ਦੀ ਬੈਠਕ ’ਚ ਭਾਰਤ ਵਿੱਚ ਟੀ ਬੀ ਰੋਗ 2025 ਤੱਕ ਖਤਮ ਕਰਨ ਦਾ ਦਾਈਆ ਮਿਥ ਦਿੱਤਾ ਗਿਆ

### * ਮੋਦੀ ਨੇ ਸਿਹਤ ਸੇਵਾਵਾਂ ਲਾਗੂ ਕਰਨ ਲਈ ਰਾਜ ਸਰਕਾਰਾਂ ਨੂੰ ਕਿਹਾ



ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਅੱਜ ਸ਼ੁਰੂ ਹੋਈ ਬੈਠਕ, ਜਿਸ ਦੀ ਪ੍ਰਧਾਨਗੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ, ਵਿੱਚ ਰਾਜਾਂ ਦੇ ਮੁੱਖ ਮੰਤਰੀ, ਕੇਂਦਰੀ ਸ਼ਾਸਤ ਰਾਜਾਂ ਦੇ ਲੈਫਟੀਨੈਂਟ ਗਵਰਨਰ, ਕਈ ਕੇਂਦਰੀ ਮੰਤਰੀ ਅਤੇ ਸੀਨੀਅਰ ਸਰਕਾਰੀ ਅਧਿਕਾਰੀ ਸ਼ਾਮਲ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਤੇਲੰਗਾਨਾ ਦੇ ਮੁੱਖ ਮੰਤਰੀ ਕੇ ਸੀ ਰਾਮਾਚੰਦਰਨ ਅਤੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਕਿਸੇ ਕਾਰਨ ਇਸ ਬੈਠਕ ਵਿੱਚ ਸ਼ਾਮਲ ਨਹੀਂ ਹੋਏ।

ਇਸ ਬੈਠਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੇਸ਼ ਨੂੰ 2024 ਤਕ 5,000 ਅਰਬ ਡਾਲਰ ਦੀ ਅਰਥ ਵਿਵਸਥਾ ਬਣਾਉਣਾ ਚੁਣੌਤੀ ਪੂਰਨ ਹੈ, ਪਰ ਸਾਰੇ ਰਾਜਾਂ ਦੇ ਸਾਂਝੇ ਯਤਨਾਂ ਨਾਲ ਇਹ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ, ਰਾਜਾਂ ਨੂੰ ਆਪਣੀ ਸਮਰੱਥਾ ਸਮਝਦੇ ਹੋਏ ਜ਼ਿਲ੍ਹਾ ਪੱਧਰ ਉੱਤੇ ਜੀ ਡੀ ਪੀ ਦੇ ਟੀਚੇ ਨੂੰ ਵਧਾਉਣ ਦਾ ਕੰਮ ਕਰਨਾ ਚਾਹੀਦਾ ਹੈ। ਦੇਸ਼ ਵਿਚ ਸਿਹਤ ਸੇਵਾਵਾਂ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 2025 ਤਕ ਤਪਦਿਕ ਦਾ ਦੇਸ਼ ਵਿੱਚੋਂ ਖਾਤਮਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਰਾਜਾਂ ਨੂੰ ਕੇਂਦਰੀ ਸਿਹਤ ਸੇਵਾਵਾਂ ਲਾਗੂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕੇਂਦਰ ਸਰਕਾਰ ਨੇ ਮੱਛੀ ਪਾਲਣ, ਪਸ਼ੂ ਪਾਲਣ, ਬਾਗ਼ਬਾਨੀ, ਫ਼ਲਾਂ ਤੇ ਸਬਜ਼ੀਆਂ ਦਾ ਧਿਆਨ ਕਰਦੇ ਹੋਏ ਕਿਸਾਨਾਂ ਦੀ ਆਮਦਨ 2022 ਤਕ ਦੁੱਗਣੀ ਕਰਨ ਅਤੇ ਪੀ ਐੱਮ-ਕਿਸਾਨ ਸਨਮਾਨ ਨਿਧੀ ਆਦਿ ਯੋਜਨਾਵਾਂ ਦਾ ਲਾਭ ਸਮੇਂ ਸਿਰ ਕਿਸਾਨਾਂ ਤਕ ਪੁਚਾਉਣ ਦੀ ਵੀ ਗੱਲ ਮੀਟਿੰਗ ਵਿਚ ਕਹੀ ਹੈ।

## ਸਰਕਾਰ ਵਿਰੁੱਧ ਦੋਸ਼ ਲਾਉਣ ਵਾਲਾ ਦੇਸ਼ ਧ੍ਰੋਹ ਦੇ ਕੇਸ ਵਿੱਚ ਕਾਬੂ

ਰਾਜਨਾਂਦਗਾਂਵ, 16 ਜੂਨ, (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਜ਼ਿਲਾ ਰਾਜਨਾਂਦਗਾਂਵ ਵਿਚ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਹੋ ਕੇ ਰਾਜ ਸਰਕਾਰ ਦੇ ਵਿਰੁੱਧ ਇਨਵਰਟਰ ਕੰਪਨੀਆਂ ਨਾਲ ਮਿਲੀਭੁਗਤ ਦਾ ਦੋਸ਼ ਲਾਉਣ ਵਾਲੇ ਇੱਕ ਵਿਅਕਤੀ ਨੂੰ ਦੇਸ਼ ਧ੍ਰੋਹ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਦੀ ਵੀਡੀਓ ਸੋਸ਼ਲ ਮੀਡੀਆ ਵਿਚ ਫੈਲਣ ਪਿੱਛੋਂ ਇਹ ਕਾਰਵਾਈ ਕੀਤੀ ਗਈ ਸੀ। ਮਾਮਲਾ ਵਧਦਾ ਵੇਖ ਕੇ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਅਧਿਕਾਰੀਆਂ ਨੂੰ ਦੇਸ਼ ਧ੍ਰੋਹ ਦਾ ਕੇਸ ਫ਼ੌਰੀ ਤੌਰ ਉੱਤੇ ਵਾਪਸ ਲੈਣ ਦੇ ਹੁਕਮ ਦੇ ਦਿਤੇ ਹਨ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਕਿਹਾ ਕਿ ਵਿਚਾਰ ਪ੍ਰਗਟ ਕਰਨਾ ਲੋਕਾਂ ਦਾ ਅਧਿਕਾਰ ਹੈ ਤੇ ਉਹ ਇਸ ਪ੍ਰੰਪਰਾ ਦੇ ਹਮਾਇਤੀ ਹਨ। ਉਨ੍ਹਾਂ ਕਿਹਾ ਕਿ ਦੇਸ਼ ਧ੍ਰੋਹ ਦੇ ਕੇਸ ਦਰਜ ਕਰਨਾ ਪਿਛਲੀ ਭਾਜਪਾ ਸਰਕਾਰ ਦੀ ਨੀਤੀ ਸੀ। ਇਸ ਤੋਂ ਪਹਿਲਾਂ ਪੁਲਿਸ ਅਫਸਰਾਂ ਨੇ ਕਿਹਾ ਸੀ ਕਿ ਰਾਜ ਸਰਕਾਰ ਵਿਰੁੱਧ ਦੋਸ਼ ਲਾਉਣ ਵਾਲੇ 53 ਸਾਲਾ ਮਾਂਗੇਲਾਲ ਅਗਰਵਾਲ ਵਿਰੁੱਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਫਸਰਾਂ ਮੁਤਾਬਕ ਸੋਸ਼ਲ ਮੀਡੀਆ ਵਿਚ ਵੀਡੀਓ ਫੈਲਣ ਪਿੱਛੋਂ ਛੱਤੀਸਗੜ੍ਹ ਪਾਵਰ ਕੰਪਨੀ ਨੇ ਇਸ ਬਾਰੇ ਪੁਲਿਸ ਨੂੰ ਸ਼ਿਕਾਇਤ ਕੀਤੀ ਤੇ ਪੁਲਿਸ ਨੇ ਜਾਂਚ ਪਿੱਛੋਂ ਅਗਰਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਦੇ ਨਾਲ ਪੁਲਿਸ ਨੇ ਉਹ ਮੋਬਾਈਲ ਫ਼ੋਨ ਵੀ ਜ਼ਬਤ ਕੀਤਾ ਸੀ। ਬਾਅਦ ਵਿੱਚ ਮੁੱਖ ਮੰਤਰੀ ਦੇ ਹੁਕਮਾਂ ਉੱਤੇ ਕੇਸ ਵਾਪਸ ਲੈ ਕੇ ਪੁਲਿਸ ਨੇ ਕਿਹਾ ਕਿ ਦੇਸ਼ ਧ੍ਰੋਹ ਦਾ ਕੇਸ ਨਹੀਂ ਬਣਦਾ, ਇਸ ਲਈ ਧਾਰਾ 124 ਨੂੰ ਹਟਾ ਲਈ ਹੈ, ਪਰ ਅਦਾਲਤ ਨੇ ਧਾਰਾ 505 ਹੇਠ ਉਸ ਨੂੰ ਪੰਜ ਦਿਨਾਂ ਲਈ ਜੇਲ੍ਹ ਵਿਚ ਭੇਜ ਦਿਤਾ ਹੈ।

## ਸਿੰਗਲ ਮਦਰ ਦੇ ਬੱਚੇ ਨੂੰ ਸਕੂਲ ਨੇ ਦਾਖਲਾ ਨਹੀਂ ਦਿੱਤਾ

ਮੁੰਬਈ, 16 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਦੇ ਵਾਸ਼ੀ ਇਲਾਕੇ ਵਿੱਚ ਇੱਕ ਸਕੂਲ ਨੇ ਦੂਜੀ ਜਮਾਤ ਦੇ ਵਿਦਿਆਰਥੀ ਨੂੰ ਸਿਰਫ ਇਸ ਲਈ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੀ ਮਾਂ ਇਕੱਲੀ ਰਹਿੰਦੀ ਹੈ। ਇਸੇ ਨੂੰ ਲੈ ਕੇ ਸਕੂਲ ਦੀ ਪ੍ਰਿੰਸੀਪਲ ਅਤੇ ਬੱਚੇ ਦੀ ਮਾਂ ਦੀ ਲੰਮੀ ਗੱਲਬਾਤ ਹੋਈ। ਬੱਚੇ ਦੀ ਮਾਂ ਨੇ ਪ੍ਰਿੰਸੀਪਲ ਦੇ ਨਾਲ ਗੱਲਬਾਤ ਦੀ ਵੀਡੀਓ ਬਣਾ ਲਈ, ਜੋ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ ਹੈ। ਸਕੂਲ ਨੇ ਆਪਣੀ ਸਫਾਈ ਵਿੱਚ ਕਿਹਾ ਕਿ ਉਹ ਕਿਸੇ ਵੀ ਬੱਚੇ ਨਾਲ ਭੇਦਭਾਵ ਨਹੀਂ ਕਰਦਾ।

ਸੰਬੰਧਤ ਬੱਚੇ ਦੀ ਮਾਂ ਨੇ ਦੱਸਿਆ ਕਿ ਉਹ ਵਾਸ਼ੀ ਇਲਾਕੇ ਦੇ ਸੇਂਟ ਲਾਰੈਂਸ ਸਕੂਲ ਗਈ ਸੀ। ਇਸੇ ਮਹੀਨੇ ਉਸ ਨੇ ਆਪਣੇ ਬੱਚੇ ਦਾ ਦਾਖਲਾ ਕਰਾਉਣਾ ਸੀ। ਉਨ੍ਹਾਂ ਕਿਹਾ ਕਿ ਜਦੋਂ ਮੈਂ ਦੱਸਿਆ ਕਿ ਮੈਂ ਸਿੰਗਲ ਮਦਰ ਹਾਂ ਤਾਂ ਸਕੂਲ ਨੇ ਕਿਹਾ ਕਿ ਉਨ੍ਹਾਂ ਕੋਲ ਦਾਖਲੇ ਲਈ ਕੋਈ ਸੀਟ ਖਾਲੀ ਨਹੀਂ। ਬੱਚੇ ਦੀ ਮਾਂ ਨੇ ਕਿਹਾ ਕਿ ਮੈਂ ਜਾਣਦੀ ਸਾਂ ਕਿ ਦਾਖਲਾ ਜਾਰੀ ਹੈ। ਇਸ ਲਈ ਮੈਂ ਇੱਕ ਲੜਕੇ ਦੀ ਮਾਂ ਵਜੋਂ ਫੋਨ ਕੀਤਾ। ਇਸ ਪਿੱਛੋਂ ਪ੍ਰਿੰਸੀਪਲ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਮੁਲਾਕਾਤ ਕਰੇ। ਬੱਚੇ ਦੀ ਮਾਂ ਨੇ ਸਕੂਲ ਕੰਪਲੈਕਸ ਵਿੱਚ ਪ੍ਰਿੰਸੀਪਲ ਨਾਲ ਪੂਰੀ ਗੱਲਬਾਤ ਰਿਕ-ਾਰਡ ਕਰ ਲਈ। ਇਸ 'ਚ ਪ੍ਰਿੰਸੀਪਲ ਕਹਿੰਦੀ ਨਜ਼ਰ ਦਿੱਸਦੀ ਹੈ ਕਿ ਉਨ੍ਹਾਂ ਦਾ ਸਕੂਲ ਸਿੰਗਲ ਪੇਰੈਂਟ ਵਾਲੇ ਬੱਚਿਆਂ ਨੂੰ ਦਾਖਲਾ ਨਹੀਂ ਦਿੰਦਾ। ਪ੍ਰਿੰਸੀਪਲ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਸਕਦੇ। ਬੱਚੇ ਦੀ ਮਾਂ ਨੇ ਕਿਹਾ ਕਿ ਜੇ ਦਾਖਲੇ ਮਗਰੋਂ ਕਿਸੇ ਬੱਚੇ ਦੇ ਮਾਤਾ-ਪਿਤਾ ਵੱਖ ਹੋ ਜਾਣ ਕੀ ਉਸ ਬੱਚੇ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ। ਇਸ 'ਤੇ ਪ੍ਰਿੰਸੀਪਲ ਨੇ ਜਵਾਬ ਨਹੀਂ ਦਿੱਤਾ। ਬੱਚੇ ਦੀ ਮਾਂ ਨੇ ਇਸ ਵੀਡੀਓ ਨੂੰ ਸਕੂਲ ਮੈਨੇਜਮੈਂਟ ਨੂੰ ਭੇਜਿਆ ਅਤੇ ਉਹ ਸਿਖਿਆ ਵਿਭਾਗ ਨੂੰ ਸ਼ਿਕਾਇਤ ਦੀ ਯੋਜਨਾ ਬਣਾ ਰਹੀ ਹੈ। ਇਸ ਦੌਰਾਨ ਸਕੂਲ ਨੇ ਕਿਹਾ ਕਿ ਉਹ ਦਾਖਲਾ ਦੇਣ ਵਿੱਚ ਕੋਈ ਭੇਦਭਾਵ ਨਹੀਂ ਕਰਦਾ ਅਤੇ ਮਾਮਲੇ ਦੀ ਜਾਂਚ ਚੱਲ ਰਹੀ ਹੈ। ਜਾਂਚ ਰਿਪੋਰਟ ਆਉਣ ਤੋਂ ਬਾਅਦ ਕਾਰਵਾਈ ਹੋਵੇਗੀ।

### ਦਿੱਲੀ ਸਿੱਖ ਕਤਲੇਆਮ ਕੇਸ

## ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦੇ ਖ਼ਿਲਾਫ਼ ਜਾਂਚ ਦੇ ਹੁਕਮ

ਨਵੀਂ ਦਿੱਲੀ, 16 ਜੂਨ, (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰਾਲੇ ਨੇ 1984 ਸਿੱਖ ਕਤਲੇਆਮ ਦੇ ਬੰਦ ਹੋਏ ਕੇਸਾਂ ਦੀ ਮੁੜ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਕਿਹਾ ਹੈ ਕਿ ਉਹ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਕਮਲਨਾਥ ਦੇ ਖ਼ਿਲਾਫ਼ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰੇ। ਇਸ ਦਾ ਦਾਅਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਹੈ।

ਅੱਜ ਏਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕਮਲਨਾਥ ਵੱਲੋਂ ਨਹਿਰੂ-ਗਾਂਧੀ ਪਰਿਵਾਰ ਦੀ ਸ਼ਹਿ ਹੇਠ 1984 ਦੇ ਸਿੱਖ ਕਤਲੇਆਮ ਵਿਚ ਨਿਭਾਈ ਭੂਮਿਕਾ ਦੀ ਜਾਂਚ ਲਈ ਅਸੀਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਰਾਹੀਂ ਪਿਛਲੇ ਗ੍ਰਹਿ ਮੰਤਰੀ ਕੋਲ ਚੁੱਕਿਆ ਤੇ ਦਸੰਬਰ 2018 ਵਿਚ ਇਕ ਪੱਤਰ ਵੀ ਲਿਖਿਆ ਸੀ। ਉਨ੍ਹਾਂ ਕਿਹਾ ਕਿ ਕਮਲਨਾਥ ਨੇ ਇਕ ਨਵੰਬਰ 1984 ਨੂੰ ਗੁਰਦੁਆਰਾ ਰਕਾਬਗੰਜ ਦੇ ਅੱਗੇ ਭੀੜ ਨੂੰ ਭੜਕਾਇਆ ਸੀ, ਜਿਸ ਨੇ ਦੋ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਸੀ ਅਤੇ ਇਸ ਬਾਰੇ ਇਕ ਨਵੰਬਰ 1984 ਨੂੰ



ਪਾਰਲੀਮੈਂਟ ਸਟਰੀਟ ਥਾਣੇ ਵਿੱਚ ਦਰਜ ਹੋਈ ਸ਼ਿਕਾਇਤ ਵਿੱਚ ਪੰਜ ਦੋਸ਼ੀਆਂ ਦੇ ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਈ ਸੀ, ਪਰ ਕਮਲਨਾਥ ਨੂੰ ਜਾਣ ਬੁੱਝ ਕੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਂ ਦੋਸ਼ੀਆਂ ਦਾ ਰਿਹਾਇਸ਼ੀ ਪਤਾ ਕਮਲਨਾਥ ਦੀ ਰਿਹਾਇਸ਼ ਵਾਲਾ ਪਾਇਆ ਗਿਆ ਹੈ।

ਇਸ ਸੰਬੰਧ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਇਹ ਕੇਸ ਐੱਸ ਆਈ ਟੀ ਕੋਲ ਚੁੱਕਿਆ ਸੀ, ਜਿਸ ਨੇ ਦੱਸਿਆ ਕਿ ਉਸ ਕੋਲ ਕੇਵਲ ਸਬੂਤਾਂ ਦੀ ਘਾਟ ਕਾਰਨ ਬੰਦ ਹੋਏ ਕੇਸਾਂ ਦੀ ਜਾਂਚ ਦਾ ਅਧਿਕਾਰ ਹੈ ਤੇ ਉਹ ਅਦਾਲਤ ਵਿਚ ਸੁਣੇ ਜਾ ਚੁੱਕੇ ਕੇਸ ਦੀ ਮੁੜ ਜਾਂਚ ਨਹੀਂ ਕਰ ਸਕਦੀ। ਉਨ੍ਹਾਂ ਦੱਸਿਆ ਕਿ ਫਿਰ ਉਨ੍ਹਾਂ ਨੇ ਗ੍ਰਹਿ ਮੰਤਰਾਲੇ ਕੋਲ ਪਹੁੰਚ ਕੀਤੀ, ਜਿਸ ਨੇ ਐੱਸ ਆਈ ਟੀ ਨੂੰ ਕਮਲਨਾਥ ਦੇ ਖ਼ਿਲਾਫ਼ ਕੇਸ ਦੀ ਜਾਂਚ ਕਰਨ ਲਈ ਕਿਹਾ ਅਤੇ ਉਸ ਨੇ ਐੱਸ ਆਈ ਟੀ ਦੀ ਜਾਂਚ ਲਈ ਅਧਿਕਾਰ ਖੇਤਰ ਵਧਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਸਿਰਸਾ ਨੇ ਦੱਸਿਆ ਕਿ ਦੋ ਗਵਾਹ, ਇੱਕ ਇੰਡੀਅਨ ਐਕਸਪ੍ਰੈੱਸ ਦਾ ਪੱਤਰਕਾਰ ਸੰਜੇ ਸੂਰੀ, ਜਿਸ ਨੇ 2 ਨਵੰਬਰ 1984 ਦੇ ਅਖਬਾਰ ਵਿੱਚ ਘਟਨਾ ਦੀ ਖ਼ਬਰ ਛਾਪੀ ਅਤੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਮੁਖਤਿਆਰ ਸਿੰਘ ਕੇਸ ਦੀ ਜਾਂਚ ਲਈ ਮੌਜੂਦ ਸਨ, ਪਰ ਫਿਰ ਵੀ ਕਮਲਨਾਥ ਨੂੰ ਗਾਂਧੀ ਪਰਿਵਾਰ 35 ਸਾਲ ਬਚਾਉਂਦਾ ਰਿਹਾ ਤੇ ਉਸ ਦੇ ਖ਼ਿਲਾਫ਼ ਕੋਈ ਜਾਂਚ ਨਹੀਂ ਸੀ ਹੋਣ ਦਿੱਤੀ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਵੱਲੋਂ ਐੱਸ ਆਈ ਟੀ ਦਾ ਜਾਂਚ ਦਾ ਘੇਰਾ ਵਧਾਉਣ ਦਾ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਉਨ੍ਹਾਂ ਕੇਸਾਂ ਦੀ ਜਾਂਚ ਹੋ ਸਕੇਗੀ, ਜਿਹੜੇ ਪੁਲਿਸ ਤੇ ਦੋਸ਼ੀਆਂ ਦੇ ਰਲੇ ਹੋਣ ਕਾਰਨ ਅਦਾਲਤਾਂ ਵਿੱਚ ਬੰਦ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇਸ ਕੇਸ ਦੀ ਨਵੇਂ ਸਿਰੇ ਤੋਂ ਜਾਂਚ ਪਿੱਛੋਂ ਕਮਲਨਾਥ ਵਿਰੁੱਧ ਅਦਾਲਤ ਨੂੰ ਲੋੜੀਂਦੇ ਸਬੂਤ ਪੇਸ਼ ਹੋਣਗੇ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਦੇ ਨਵੇਂ ਨੋਟੀਫਿਕੇਸ਼ਨ ਨਾਲ ਸਿੱਖ ਕਤਲੇਆਮ ਵਿਚ ਸ਼ਾਮਲ ਕਈ ਪ੍ਰਭਾਵਸ਼ਾਲੀ ਵਿਅਕਤੀ ਵੀ ਜਾਂਚ ਦਾ ਸਾਹਮਣਾ ਕਰਨਗੇ ਤੇ ਜੇਲ੍ਹ ਜਾਣਗੇ।

## ਰਾਜਸਥਾਨ ਵਿੱਚ ਗਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ

ਜੈਪੁਰ, 16 ਜੂਨ, (ਪੋਸਟ ਬਿਊਰੋ)- ਹਾਲੇ ਤੱਕ ਕਿਸੇ ਕੇਸ ਵਿੱਚ ਲੋਕਾਂ ਨੂੰ ਅਦਾਲਤ ਵਿੱਚ ਪੇਸ਼ ਹੁੰਦੇ ਵੇਖਿਆ ਸੀ, ਪਰ ਇਕ ਏਦਾਂ ਦਾ ਕੇਸ ਵੀ ਆ ਗਿਆ ਹੈ ਕਿ ਇਕ ਗਾਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ।

ਅਸਲ ਵਿੱਚ ਗਾਂ ਦਾ ਕੋਈ ਕਸੂਰ ਨਹੀਂ ਸੀ, ਉਸ ਨੇ ਕਿਸੇ ਦਾ ਨੁਕਸਾਨ ਨਹੀਂ ਕੀਤਾ ਸੀ, ਗਾਂ ਦੀ ਮਾਲਕੀ ਬਾਰੇ ਝਗੜੇ ਕਾਰਨ ਉਸ ਨੂੰ ਅਦਾਲਤ ਵਿੱਚ ਪੇਣ ਹੋਣਾ ਪਿਆ ਹੈ। ਇਹ ਮਾਮਲਾ ਰਾਜਸਥਾਨ ਦੇ ਜੋਧਪੁਰ ਦਾ ਹੈ, ਜਿਥੇ ਗਾਂ ਦੀ ਮਾਲਕੀ ਬਾਰੇ ਦੋ ਜਣਿਆਂ ਦਾ ਵਿਵਾਦ ਸੀ। ਇਸ ਕੇਸ ਨਾਲ ਸਬੰਧਤ ਵਕੀਲ ਨੇ ਦੱਸਿਆ ਕਿ ਓਮ ਪ੍ਰਕਾਸ਼ ਅਤੇ ਸ਼ਿਆਮ ਸਿੰਘ ਵਿਚਕਾਰ ਸਾਲ 2018 ਤੋਂ ਗਾਂ ਦੀ ਮਾਲਕੀ ਦਾ ਵਿਵਾਦ ਸੀ। ਜਦੋਂ ਆਪਸੀ ਗੱਲਬਾਤ ਨਾਲ ਕੇਸ ਹੱਲ ਨਾ ਹੋਇਆ ਤਾਂ ਦੋਹਾਂ ਧਿਰਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ। ਜੱਜ ਨੇ ਕਿਹਾ ਕਿ ਗਾਂ ਨੂੰ ਅਦਾਲਤ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਅਦਾਲਤੀ ਕਾਰਵਾਈ ਸ਼ੁਰੂ ਹੋਈ। ਸਾਰੇ ਸਬੂਤਾਂ ਉਤੇ



ਵਿਚਾਰ ਪਿੱਛੋਂ ਅਦਾਲਤ ਨੇ ਤੈਅ ਕੀਤਾ ਕਿ ਗਾਂ ਦਾ ਮਾਲਕੀ ਹੱਕ ਓਮ ਪ੍ਰਕਾਸ਼ ਦਾ ਬਣਦਾ ਹੈ ਅਤੇ ਗਾਂ ਉਸ ਦੇ ਹਵਾਲੇ ਕਰ ਦਿੱਤੀ ਗਈ।

ਇਹ ਫੈਸਲਾ ਕਰਨ ਵਾਸਤੇ ਕਈ ਤਰੀਕੇ ਵਰਤੇ ਗਏ, ਪਰ ਅੰਤ ਨੂੰ ਕੁਦਰਤੀ ਨਿਆਂ ਦਾ ਤਰੀਕਾ ਕੰਮ ਆਇਆ। ਇਸ ਵਿੱਚ ਫ਼ੈਸਲਾ ਲਿਆ ਗਿਆ ਕਿ ਗਾਂ ਨੂੰ ਦੋਹਾਂ ਦਾਅਵੇਦਾਰਾਂ ਦੇ ਘਰਾਂ ਵਿਚਾਲੇ ਖੜਾ ਕਰ ਦਿੱਤਾ ਜਾਵੇਗਾ। ਗਾਂ ਜਿਸ ਦੇ ਘਰ ਵੱਲ ਜਾਵੇ, ਉਹ ਮਾਲਕ ਹੋਵੇਗਾ। ਓਥੇ ਖੜੀ ਕੀਤੀ ਗਾਂ ਓਮ ਪ੍ਰਕਾਸ਼ ਦੇ ਘਰ ਚਲੀ ਗਈ। ਇਸ ਸਾਰੀ ਕਾਰਵਾਈ ਦੀ ਵੀਡੀਓਗ੍ਰਾਫ਼ੀ ਵੀ ਕਰਵਾਈ ਗਈ। ਇਸ ਤੋਂ ਬਾਅਦ ਅਦਾਲਤ ਨੇ ਓਮ ਪ੍ਰਕਾਸ਼ ਦੇ ਹੱਕ ਵਿੱਚ ਫ਼ੈਸਲਾ ਦੇ ਦਿੱਤਾ।

## ਵਡੋਦਰਾ ਦੇ ਹੋਟਲ ਦਾ ਸੀਵਰ ਸਾਫ ਕਰਦੇ ਸੱਤ ਜਣਿਆਂ ਦੀ ਮੌਤ

ਵਡੋਦਰਾ, 16 ਜੂਨ (ਪੋਸਟ ਬਿਊਰੋ)- ਗੁਜਰਾਤ ਦੇ ਵਡੋਦਰਾ ਵਿੱਚ ਇੱਕ ਹੋਟਲ ਦੇ ਸੀਵਰ ਦੀ ਸਫਾਈ ਵੇਲੇ ਜ਼ਹਿਰੀਲੀ ਗੈਸ ਦੇ ਅਸਰ ਨਾਲ ਸੱਤ ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਆਈ ਹੈ।

ਵਡੋਦਰਾ ਤੋਂ ਕਰੀਬ 30 ਕਿਲੋਮੀਟਰ ਦੂਰ ਡਭੋਈ ਤਹਿਸੀਲ ਦੇ ਫਰਤੀ ਕੁਈ ਪਿੰਡ ਵਿੱਚ ਸ਼ੁੱਕਰਵਾਰ ਅੱਧੀ ਰਾਤ ਦੇ ਬਾਅਦ ਇਹ ਘਟਨਾ ਵਾਪਰੀ ਹੈ। ਮ੍ਰਿਤਕਾਂ ਵਿੱਚ ਚਾਰ ਸਫਾਈ ਕਾਮੇ ਤੇ ਤਿੰਨ ਹੋਟਲ ਕਰਮਚਾਰੀ ਸ਼ਾਮਲ ਹਨ। ਪੁਲਸ ਨੇ ਹੋਟਲ ਮਾਲਕ ਹਸਨ ਅੱਬਾਸ ਭੋਰਾਨੀਆ ਵਿਰੁੱਧ ਲਾਪਰਵਾਹੀ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਬਾਰੇ ਪੁਲਸ ਨੇ ਦੱਸਿਆ ਕਿ ਸੀਵਰ ਵਿੱਚ ਸਫਾਈ ਦੇ ਲਈ ਸਭ ਤੋਂ ਪਹਿਲਾਂ 47 ਸਾਲਾ ਮਹੇਸ਼ ਪਾਟਨਵਾੜੀਆ ਮੇਨਹੋਲ ਵਿੱਚ ਹੇਠਾਂ ਉਤਰਿਆ ਸੀ। ਜਦ ਬਾਹਰਲੇ ਲੋਕਾਂ ਦੇ ਬੁਲਾਉਣ 'ਤੇ ਉਹ ਬਾਹਰ ਨਹੀਂ ਆਇਆ ਤਾਂ ਉਸ ਨੂੰ ਲੱਭਣ ਲਈ 45 ਸਾਲ ਦਾ ਮਹੇਸ਼ ਹਰੀਜਨ ਵੀ ਮੇਨਹੋਲ ਵਿੱਚ ਚਲਾ ਗਿਆ। ਜਦ ਚਾਰ ਸਫਾਈ ਕਰਮਚਾਰੀ ਬਾਹਰ ਨਹੀਂ ਆਏ ਤਾਂ ਹੋਟਲ ਦੇ ਤਿੰਨ ਕਰਮਚਾਰੀ ਵਿਜੇ ਚੌਧਰੀ, ਸਹਿਦੇਵ ਤੇ ਅਜੈ ਹੇਠਾਂ ਉਤਰੇ, ਪ੍ਰੰਤੂ ਦਮ ਘੁੱਟਣ ਨਾਲ ਉਨ੍ਹਾਂ ਦੀ ਵੀ ਮੌਤ ਹੋ ਗਈ। ਇਹ 7 ਜਣੇ ਮਸਾਂ 15 ਮਿੰਟ ਦੇ ਅੰਦਰ ਜਾਨ ਗਵਾ ਬੈਠੇ। ਰਾਹਤ ਕਰਮਚਾਰੀ ਛੇ ਘੰਟੇ ਦੀ ਮੁਸ਼ੱਕਤ ਦੇ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਬਾਹਰ ਕੱਢ ਸਕੇ। ਸਫਾਈ ਕਾਮਿਆਂ ਦੇ ਸਫਾਈ ਕਰਮਚਾਰੀ ਅੰਦੋਲਨ ਦੇ



ਅਨੁਸਾਰ ਦੇਸ਼ ਵਿੱਚ ਪਿਛਲੇ ਇੱਕ ਦਹਾਕੇ ਦੌਰਾਨ 180 ਲੋਕਾਂ ਦੀ ਸੀਵਰ ਦੀ ਸਫਾਈ ਦੌਰਾਨ ਮੌਤ ਹੋ ਚੁੱਕੀ ਹੈ।

ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਫੈਜ਼ਾਬਾਦ ਵਿੱਚ ਕੱਲ੍ਹ ਇੱਕ 40 ਫੁੱਟ ਡੂੰਘੇ ਸੀਵਰ ਵਿੱਚ ਸਫਾਈ ਕਰਨ ਉਤਰੇ ਦੋ ਜਣਿਆਂ ਦੀ ਜ਼ਹਿਰੀਲੀ ਗੈਸ ਚੜ੍ਹਨ ਨਾਲ ਮੌਤ ਹੋ ਗਈ। ਪਤਾ ਲੱਗਾ ਹੈ ਕਿ ਇੱਕ ਕੰਟ੍ਰੈਕਟਰ ਤੇ ਤਿੰਨ ਹੋਰਨਾਂ ਦੀ ਹਾਜ਼ਰੀ ਵਿੱਚ ਦੋ ਜਣੇ ਸੀਵਰ ਵਿੱਚ ਉਤਰੇ ਸਨ। ਪੁਲਸ ਅਜੇ ਇਨ੍ਹਾਂ ਲੋਕਾਂ ਦੀ ਤਲਾਸ਼ ਕਰ ਰਹੀ ਹੈ।

## ਰੇਲ ਗੱਡੀਆਂ ਵਿੱਚ ਮਾਲਿਸ਼ ਦੀ ਯੋਜਨਾ ਸ਼ੁਰੂ ਹੋਣ ਤੋਂ ਪਹਿਲਾਂ ਬੰਦ ਹੋਈ

### * ਭਾਜਪਾ ਆਗੂਆਂ ਦੇ ਇਤਰਾਜ਼ਾਂ ਨੇ ਅੜਿੱਕਾ ਲਾਇਆ

ਇੰਦੌਰ, 16 ਜੂਨ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਆਰਥਿਕ ਰਾਜਧਾਨੀ ਇੰਦੌਰ ਤੋਂ ਚੱਲਦੀਆਂ 39 ਗੱਡੀਆਂ ਵਿੱਚ ਸਫਰ ਦੌਰਾਨ ਯਾਤਰੀਆਂ ਨੂੰ ਮਾਲਿਸ਼ ਦੀ ਸਹੂਲਤ ਦੇ ਕੇ ਵੱਧ ਕਮਾਈ ਕਰਨ ਦੀ ਰੇਲਵੇ ਦੀ ਯੋਜਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਵਿੱਚ ਘਿਰ ਕੇ ਬੰਦ ਕਰਨ ਦੀ ਨੌਬਤ ਆ ਗਈ ਹੈ।

ਅਸਲ ਵਿੱਚ ਮੱਧ ਪ੍ਰਦੇਸ਼ ਵਿੱਚ ਇੱਕ ਭਾਜਪਾ ਪਾਰਲੀਮੈਂਟ ਮੈਂਬਰ ਨੇ ਇਸ ਯੋਜਨਾ ਨੂੰ ਭਾਰਤ ਦੇ ਸਭਿਆਚਾਰ ਦੇ ਉਲਟ ਕਰਾਰ ਦਿੱਤਾ ਸੀ। ਇਸ ਤੋਂ ਬਾਅਦ ਕੱਲ੍ਹ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਵੀ ਇਸ ਉਤੇ ਸਵਾਲ ਚੁੱਕੇ ਸਨ। ਲੋਕ ਸਭਾ ਨਵੀਂ ਚੁਣੇ ਜਾਣ ਦੇ ਬਾਵਜੂਦ ਨਵੇਂ ਸਪੀਕਰ ਦੀ ਚੋਣ ਤੱਕ ਸੁਮਿਤਰਾ ਮਹਾਜਨ ਅਜੇ ਵੀ ਸਪੀਕਰ ਹਨ ਤੇ ਉਨ੍ਹਾਂ ਨੂੰ ਵੀ ਇਹ ਯੋਜਨਾ ਠੀਕ ਨਹੀਂ ਸੀ ਲੱਗੀ। ਇਸ ਸੰਬੰਧ ਵਿੱਚ ਪੱਛਮੀ ਰੇਲਵੇ ਦੇ ਰਤਲਾਮ ਡਵੀਜ਼ਨ ਦੇ ਇੱਕ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਮੱਧ ਪ੍ਰਦੇਸ਼ ਦੀ ਆਰਥਿਕ ਰਾਜਧਾਨੀ ਇੰਦੌਰ ਤੋਂ ਚੱਲਣ ਵਾਲੀਆਂ 39 ਰੇਲ ਗੱਡੀਆਂ 'ਚ ਮਾਲਿਸ਼ ਸੇਵਾ ਚਾਲੂ




ਕਰਨ ਦੀ ਤਜਵੀਜ਼ ਵਾਪਸ ਲੈ ਲਈ ਗਈ ਹੈ।

ਇਸ ਤੋਂ ਪਹਿਲਾਂ ਕੱਲ੍ਹ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਇਸ ਰੇਲ ਮੰਤਰੀ ਪਿਊਸ਼ ਗੋਇਲ ਨੂੰ ਚਿੱਠੀ ਲਿਖ ਕੇ ਇਤਰਾਜ਼ ਕੀਤਾ ਸੀ। ਇਸ ਵਿੱਚ ਉਨ੍ਹਾਂ ਨੇ ਗੋਇਲ ਤੋਂ ਜਾਨਣਾ ਚਾਹਿਆ ਸੀ ਕਿ ਕੀ ਪੱਛਮੀ ਰੇਲਵੇ ਦੇ ਰਤਲਾਮ ਰੇਲ ਡਵੀਜ਼ਨ ਦੀ ਮਾਲਿਸ਼ ਯੋਜਨਾ ਨੂੰ ਰੇਲ ਮੰਤਰਾਲੇ ਨੇ ਮਨਜ਼ੂਰੀ ਦਿੱਤੀ ਹੈ ਜਾਂ ਨਹੀਂ। ਮਹਾਜਨ ਨੇ ਚਿੱਠੀ ਵਿੱਚ ਪੁੱਛਿਆ, ਇਸ ਤਰ੍ਹਾਂ ਦੀ ਸਹੂਲਤ ਲਈ ਚਲਦੀ ਰੇਲ ਗੱਡੀ ਵਿੱਚ ਕਿੱਦਾਂ ਦੀ ਵਿਵਸਥਾ ਹੋਵੇਗੀ, ਕਿਉਂਕਿ ਇਸ ਨਾਲ ਯਾਤਰੀਆਂ, ਵਿਸ਼ੇਸ਼ ਕਰ ਕੇ ਔਰਤਾਂ ਦੀ ਸੁਰੱਖਿਆ ਤੇ ਸਹਿਜਤਾ ਬਾਰੇ ਕਈ ਸਵਾਲ ਹੋ ਸਕਦੇ ਹਨ। ਲੋਕ ਸਭਾ ਸਪੀਕਰ ਨੇ ਆਪਣੀ ਚਿੱਠੀ ਵਿੱਚ ਰੇਲ ਮੰਤਰੀ ਤੋਂ ਇਹ ਵੀ ਪੁੱਛਿਆ ਕਿ ਕੀ ਇੰਦੌਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਉੱਤੇ ਮਸਾਜ ਪਾਰਲਰ ਖੋਲ੍ਹੇ ਜਾਣ ਦੀ ਵੀ ਕੋਈ ਵਿਉਂਤ ਹੈ? ਇਸ ਤੋਂ ਪਹਿਲਾਂ ਇੰਦੌਰ ਤੋਂ ਨਵੇਂ ਚੁਣੇ ਗਏ ਭਾਜਪਾ ਲੋਕ ਸਭਾ ਮੈਂਬਰ ਸ਼ੰਕਰ ਲਾਲਵਾਨੀ ਵੀ ਮਾਲਿਸ਼ ਯੋਜਨਾ 'ਤੇ ਰੇਲ ਮੰਤਰੀ ਨੂੰ ਚਿੱਠ ਲਿਖ ਚੁੱਕੇ ਹਨ।

## ਮਮਤਾ ਨੇ ਭਾਸ਼ਾ ਪੱਤਾ ਵਰਤਿਆ; ਬੰਗਾਲ ਵਿਚ ਬੰਗਲਾ ਬੋਲੀ ਵੀ ਬੋਲਣੀ ਪਵੇਗੀ

ਕਾਂਚਰਾਪਾੜਾ (ਪਛਮੀ ਬੰਗਾਲ), 16 ਜੂਨ, (ਪੋਸਟ ਬਿਊਰੋ)- ਪਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਹਿ ਦਿੱਤਾ ਹੈ ਕਿ ਪਛਮੀ ਬੰਗਾਲ ਵਿਚ ਆਉਂਦੇ ਸਾਰੇ ਲੋਕਾਂ ਨੂੰ ਬੰਗਲਾ ਭਾਸ਼ਾ ਵਿਚ ਬੋਲਣਾ ਸਿੱਖਣਾ ਪਵੇਗਾ। ਉਸ ਨੇ ਭਾਜਪਾ ਉੱਤੇ ਇਸ ਰਾਜ ਦੀ ਸੱਤਾ ਹਥਿਆਉਣ ਲਈ ਗੁਜਰਾਤ ਮਾਡਲ ਲਾਗੂ ਕਰਨ ਦੀ ਕੋਸ਼ਿਸ਼ ਕਰਨ ਅਤੇ ਬੰਗਾਲੀ ਲੋਕਾਂ ਅਤੇ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਉਹ ਭਾਜਪਾ ਨੂੰ ਕਦੇ ਵੀ ਪਛਮੀ ਬੰਗਾਲ ਨੂੰ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦਾ ਮਾਡਲ ਕਿਹਾ ਜਾਂਦਾ ਗੁਜਰਾਤ ਨਹੀਂ ਬਣਨ ਦੇਵੇਗੀ। ਮਮਤਾ ਬੈਨਰਜੀ ਨੇ ਆਖਿਆ ਕਿ ਉਹ ਬੰਗਾਲੀਆਂ ਨੂੰ ਬੰਗਾਲ ਵਿਚ ਬੇਘਰ ਨਹੀਂ ਹੋਣ ਦੇਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੱਟੜ ਵਿਰੋਧੀ ਮੰਨੀ ਜਾਣ ਵਾਲੀ ਮਮਤਾ ਬੈਨਰਜੀ ਨੇ ਕਿਹਾ, ‘ਸਾਨੂੰ ਬੰਗਲਾ ਭਾਸ਼ਾ ਨੂੰ ਅੱਗੇ ਲਿਆਉਣਾ ਪਵੇਗਾ। ਜਦ ਅਸੀਂ ਦਿੱਲੀ ਜਾਂਦੇ ਹਾਂ ਤਾਂ ਹਿੰਦੀ ਬੋਲਦੇ ਹਾਂ। ਪੰਜਾਬ ਜਾਂਦੇ ਹਾਂ ਤਾਂ ਪੰਜਾਬੀ ਵਿਚ ਬੋਲਦੇ ਹਾਂ। ਮੈਂ ਵੀ ਇਹੋ ਕਰਦੀ ਹਾਂ। ਜਦ ਮੈਂ ਤਾਮਿਲ ਨਾਡੂ ਜਾਂਦੀ ਹਾਂ ਤਾਂ ਤਮਿਲ ਭਾਸ਼ਾ ਨਹੀਂ ਜਾਣਦੀ, ਪਰ ਕੁਝ ਸ਼ਬਦ ਜਾਣਦੀ ਹਾਂ ਤੇ ਉਥੇ ਬੋਲਦੀ ਹਾਂ। ਇਸ ਲਈ ਜੇ ਤੁਸੀਂ ਬੰਗਾਲ ਆਉਂਦੇ ਹੋ ਤਾਂ ਤੁਹਾਨੂੰ ਬੰਗਲਾ ਭਾਸ਼ਾ ਵੀ ਬੋਲਣੀ ਸਿੱਖਣੀ ਪਵੇਗੀ। ਅਸੀਂ ਇਹ ਨਹੀਂ ਹੋਣ ਦੇਵਾਂਗੇ ਕਿ ਬਾਹਰਲੇ ਲੋਕ ਆਉਣ ਅਤੇ ਬੰਗਾਲੀਆਂ ਨੂੰ ਕੁੱਟ ਦੇਣ।’

ਮਮਤਾ ਬੈਨਰਜੀ ਏਥੇ ਰੈਲੀ ਵਿੱਚ ਬੋਲ ਰਹੀ ਸੀ। ਇਹ ਇਲਾਕਾ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਦੇ ਦੋਸਤ ਤੋਂ ਦੁਸ਼ਮਣ ਬਣ ਕੇ ਭਾਜਪਾ ਨੇਤਾ ਬਣੇ ਮੁਕੁਲ ਰਾਏ ਦਾ ਜੱਦੀ ਖੇਤਰ ਹੈ। ਮੁਕੁਲ ਦਾ ਬੇਟਾ ਸ਼ੁਭਾਂਸ਼ੂ ਬੀਜਪੁਰ ਦੇ ਹਲਕੇ ਤੋਂ ਵਿਧਾਇਕ ਹੈ ਅਤੇ ਪਿਛਲੇ ਦਿਨੀਂ ਤ੍ਰਿਣਮੂਲ ਕਾਂਗਰਸ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਇਆ ਸੀ। ਮਮਤਾ ਬੈਨਰਜੀ ਨੇ ਕਿਹਾ, ‘ਬੰਗਾਲੀਆਂ ਦੇ ਘਰਾਂ ਦੀ ਤੋੜ-ਭੰਨ ਕੀਤੀ ਗਈ ਹੈ। ਅਸੀਂ ਇਸ ਨੂੰ ਬਰਦਾਸ਼ਤ ਨਹੀਂ ਕਰਾਂਗੇ। ਸਾਡੀ ਪਾਰਟੀ ਦੇ ਕਾਰਕੁਨਾਂ ਨੇ ਤਾਂ ਗ਼ੈਰ-ਬੰਗਾਲੀਆਂ ਦੇ ਘਰਾਂ ਦੀ ਭੰਨਤੋੜ ਨਹੀਂ ਕੀਤੀ। ਅਸੀਂ ਹਰ ਤਰ੍ਹਾਂ ਦੀ ਹਿੰਸਾ ਦੇ ਵਿਰੁੱਧ ਹਾਂ।’





## ਡੋਨਾਲਡ ਟਰੰਪ ਨੇ ਅਸਮਾਨੀ ਤਸ਼ਤਰੀਆਂ ਦੀ ਹੋਂਦ ਨੂੰ ਰੱਦ ਕੀਤਾ



ਵਾਸ਼ਿੰਗਟਨ, 16 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਈਡੈਂਟੀਫਾਈ ਫਲਾਇੰਗ ਓਬਜੈਕਟ (ਯੂ ਐੱਫ ਓ) ਦੀ ਹੋਂਦ ਨੂੰ ਰੱਦ ਕਰ ਦਿੱਤਾ ਹੈ। ਉਸ ਨੇ ਨੇਵੀ ਪਾਇਲਟਾਂ ਵਲੋਂ ਉਨ੍ਹਾਂ ਨੂੰ ਇਹ ਜਾਣਕਾਰੀ ਦੇਣ ਤੋਂ ਬਾਅਦ ਵੀ ਇਸ ਦਾ ਭਰੋਸਾ ਕਰਨ ਤੋਂ ਇਨਕਾਰ ਕਰ ਕੇ ਇਕ ਇੰਟਰਵਿਊ ਦੌਰਾਨ ਇਹ ਗੱਲਾਂ ਕਹੀਆਂ।


ਇਕ ਅਮਰੀਕੀ ਟੀ ਵੀ ਦੇ ਹੋਸਟ ਜਰਜ ਸਟੀਫੈਨੋਪੋਲੋਸ ਨੇ ਇੰਟਰਵਿਊ ਦੌਰਾਨ ਟਰੰਪ ਨੂੰ ਯੂ ਐੱਫ ਓ ਦੀ ਹੋਂਦ ਬਾਰੇ ਪੁੱਛਿਆ ਤਾਂ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਯੂ ਐੱਫ ਓ ਦੀ ਹੋਂਦ ਉੱਤੇ ਭਰੋਸਾ ਨਹੀਂ। ਜਾਰਜ ਨੇ ਟਰੰਪ ਨੂੰ ਕਿਹਾ ਕਿ ਨੇਵੀ ਪਾਇਲਟਾਂ ਨੇ ਕੁਝ ਹਫ਼ਤੇ ਪਹਿਲਾਂ ਯੂ ਐੱਫ ਓ ਦੀ ਗੱਲ ਕਹੀ ਤੇ ਇਸ ਬਾਰੇ ਕਈ ਰਿਪੋਰਟਾਂ ਪੜ੍ਹੀਆਂ ਹਨ। ਇਸ ਉੱਤੇ ਟਰੰਪ ਨੇ ਕਿਹਾ ਕਿ ਮੈਂ ਪੂਰੀ ਤਰ੍ਹਾਂ ਇਸ ਉੱਤੇ ਵਿਸ਼ਵਾਸ ਨਹੀਂ ਕਰਦਾ। ਇਸ ਸਿਲਸਲੇ ਵਿੱਚ ਮੇਰੇ ਨਾਲ ਇਕ ਮੀਟਿੰਗ ਕੀਤੀ ਗਈ, ਜਿਸ ਵਿਚ ਯੂ ਐੱਫ ਓ ਦੀ ਹੋਂਦ ਦੇ ਦਾਅਵੇ ਕੀਤੇ ਗਏ ਸਨ, ਪਰ ਮੈਨੂੰ ਇਸ ਉੱਤੇ ਭਰੋਸਾ ਨਹੀਂ ਹੈ। ਉਹ ਇਸ ਗੱਲ ਉੱਤੇ ਅੜੇ ਰਹੇ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸਮੁੰਦਰੀ ਫੌਜ ਦੇ ਪਾਇਲਟਾਂ ਨੇ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਸਾਲ 2014 ਦੀਆਂ ਗਰਮੀਆਂ ਤੋਂ ਮਾਰਚ 2015 ਵਿਚਾਲੇ ਅਮਰੀਕਾ ਦੇ ਪੂਰਬੀ ਤੱਟ ਨੇੜੇ ਹਵਾ ਵਿੱਚ ਉੱਡਦੀਆਂ ਵਚਿੱਤਰ ਚੀਜ਼ਾਂ ਦੇਖੀਆਂ ਸਨ। ਇਨ੍ਹਾਂ ਵਿਚੋਂ ਇਕ ਦਾ ਉੱਪਰਲਾ ਸਿਰਾ ਹਵਾ ਦੀ ਉਲਟ ਦਿਸ਼ਾ ਵਿਚ ਘੁੰਮ ਰਿਹਾ ਸੀ ਅਤੇ ਖਾਸ ਗੱਲ ਇਹ ਕਿ ਉਨ੍ਹਾਂ ਵਿਚ ਕੋਈ ਇੰਜਣ ਵੀ ਨਜ਼ਰ ਨਹੀਂ ਆ ਰਿਹਾ ਸੀ, ਇਸ ਦੇ ਬਾਵਜੂਦ ਉਹ ਸੁਪਰਸੋਨਿਕ ਸਪੀਡ ਹਾਸਲ ਕਰ ਕੇ 30 ਹਜ਼ਾਰ ਫੁੱਟ ਦੀ ਉਚਾਈ ਤਕ ਉੱਡ ਰਹੀਆਂ ਸਨ। ਸਾਲ 2014 ਵਿੱਚ ਇਕ ਸੁਪਰ ਹਾਰਨੇਟ ਪਾਇਲਟ ਤਾਂ ਉਨ੍ਹਾਂ ਨਾਲ ਟਕਰਾਉਣ ਤੋਂ ਮਸਾਂ ਬਚਿਆ ਦੱਸਿਆ ਗਿਆ ਸੀ।

## ਬਿਸ਼ਕੇਕ ਵਿਚ ਇਮਰਾਨ ਤੇ ਮੋਦੀ ਦੀ ਗੱਲਬਾਤ ਨਾ ਹੋਣ ਤੋਂ ਪਾਕਿ ਭੜਕਿਆ

ਇਸਲਾਮਾਬਾਦ, 16 ਜੂਨ, (ਪੋਸਟ ਬਿਊਰੋ)- ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਕ ਵਿਚ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਆਪੋ ਵਿੱਚ ਗੱਲਬਾਤ ਨਾ ਹੋਣ ਕਾਰਨ ਪਾਕਿਸਤਾਨ ਭੜਕਿਆ ਨਜ਼ਰ ਆ ਰਿਹਾ ਹੈ।

ਅੱਜ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤ ਸਰਕਾਰ ਉੱਤੇ ਵੋਟ ਬੈਂਕ ਬਚਾਉਣ ਲਈ ਚੋਣ-ਮੂਡ ਵਿਚ ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਬਰਾਬਰੀ ਦੇ ਆਧਾਰ ਉੱਤੇ ਅਤੇ ਸਤਿਕਾਰ ਸਹਿਤ ਗੱਲ ਕਰੇਗਾ ਅਤੇ ਇਹ ਨਵੀਂ ਦਿੱਲੀ ਉੱਤੇ ਨਿਰਭਰ ਹੈ ਕਿ ਉਹ ਸਾਰੇ ਮੁੱਦਿਆਂ ਦਾ ਹੱਲ ਲੱਭਣ ਦੇ ਲਈ ਪਾਕਿਸਤਾਨ ਨਾਲ ਗੱਲਬਾਤ ਕਰਦਾ ਹੈ ਜਾਂ ਨਹੀਂ।





ਕਿਰਗਿਸਤਾਨ ਦੀ ਰਾਜਧਾਨੀ ਬਿਸ਼ਕੇਕ ਵਿਚ ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਦਾ ਜ਼ਿਕਰ ਕਰਦੇ ਹੋਏ ਕੁਰੈਸ਼ੀ ਨੇ ਸਾਫ਼ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਇੱਕ ਦੂਜੇ ਦਾ ਸਵਾਗਤ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਬੈਠਕ ਵੀ ਹੋਈ, ਦੋਵਾਂ ਨੇ ਹੱਥ ਵੀ ਮਿਲਾਇਆ ਤੇ ਇਕ ਦੂਜੇ ਦਾ ਸਵਾਗਤ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਾ ਕਿਸੇ ਪਿੱਛੇ ਭੱਜਣ ਦੀ ਲੋੜ ਹੈ ਤੇ ਨਾ ਜ਼ਿਦ ਕਰਨਾ ਚਾਹੁੰਦੇ ਹਨ, ਪਾਕਿਸਤਾਨ ਦਾ ਰੁਖ਼ ਚੰਗੀ ਤਰ੍ਹਾਂ ਸੋਚਿਆ ਸਮਝਿਆ ਹੋਇਆ ਹੈ।

ਅਧਿਕਾਰਿਕ ਸੂਤਰਾਂ ਮੁਤਾਬਕ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੋਵਾਂ ਵਿਚਾਲੇ ਐਸ ਸੀ ਓ ਕਮੇਟੀ ਦੇ ਲੀਡਰਸ ਲਾਊਂਜ ਵਿਚ ਮੁਲਾਕਾਤ ਹੋਈ ਸੀ ਤੇ ਇਸ ਮੌਕੇ ਦੋਵਾਂ ਨੇ ਇਕ ਦੂਜੇ ਦਾ ਸਵਾਗਤ ਕੀਤਾ ਸੀ, ਪਰ ਇਹ ਬਾਕਾਇਦਾ ਬੈਠਕ ਨਹੀਂ ਸੀ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੋ ਹਫ਼ਤੇ ਪਹਿਲਾਂ ਦੁਵੱਲੀ ਗੱਲਬਾਤ ਮੁੜ ਸ਼ੁਰੂ ਕਰਨ ਉੱਤੇ ਜ਼ੋਰ ਦਿੰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਵੱਖ-ਵੱਖ ਪੱਤਰ ਲਿਖੇ ਸਨ। ਵਰਨਣ ਯੋਗ ਹੈ ਕਿ ਜਨਵਰੀ 2016 ਵਿਚ ਅੱਤਵਾਦੀਆਂ ਨੇ ਪਠਾਨਕੋਟ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਪਿੱਛੋਂ ਭਾਰਤ-ਪਾਕਿਸਤਾਨ ਦੀ ਗੱਲਬਾਤ ਬੰਦ ਕਰ ਕੇ ਭਾਰਤ ਨੇ ਕਹਿ ਦਿੱਤਾ ਸੀ ਕਿ ਅੱਤਵਾਦ ਅਤੇ ਗਲਬਾਤ ਦੋਵੇਂ ਇਕੱਠੇ ਨਹੀਂ ਚੱਲ ਸਕਦੇ।

## ਅਮਰੀਕਾ ਦੇ ਸੈਂਕੜੇ ਪੁਲਿਸ ਅਫਸਰਾਂ ਉੱਤੇ ਨਫ਼ਰਤ ਫੈਲਾਉਣ ਦਾ ਦੋਸ਼

ਸਾਨ ਫਰਾਂਸਿਸਕੋ, 16 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਕਰੀਬ 400 ਮੌਜੂਦਾ ਅਤੇ ਸਾਬਕਾ ਪੁਲਿਸ ਅਧਿਕਾਰੀ ਫੇਸਬੁੱਕ ਉੱਤੇ ਨਫ਼ਰਤ ਫੈਲਾਉਣ ਵਾਲੇ ਗਰੁੱਪਾਂ ਦਾ ਹਿੱਸਾ ਹਨ। ਇਨ੍ਹਾਂ ਵਿੱਚ ਇਸਲਾਮ ਵਿਰੋਧੀ ਤੇ ਨਸਲੀ ਵਿਚਾਰਧਾਰਾ ਨੂੰ ਉਤਸ਼ਾਹ ਦਿੱਤਾ ਜਾਂਦਾ ਵੇਖਿਆ ਗਿਆ ਹੈ।

'ਰਿਵੀਲ' ਨਾਂ ਦੇ ਇੱਕ ਚੈਰਿਟੀ ਸੰਗਠਨ ਦੀ ਰਿਪੋਰਟ ਤੋਂ ਇਹ ਗੱਲ ਸਾਹਮਣੇ ਆਈ ਕਿ ਏਦਾਂ ਦੇ ਗਰੁੱਪਾਂ ਨਾਲ ਜੁੜੇ ਪੁਲਿਸ ਅਧਿਕਾਰੀ ਜੇਲ੍ਹ, ਸਕੂਲ, ਏਅਰਪੋਰਟ ਅਤੇ ਹੋਰ ਅਹਿਮ ਥਾਵਾਂ ਉੱਤੇ ਤਾਇਨਾਤ ਹਨ। ਜਿਨ੍ਹਾਂ ਗਰੁੱਪਾਂ ਵਿੱਚ ਇਨ੍ਹਾਂ ਦੀ ਸਰਗਰਮੀ ਹੈ, ਉਨ੍ਹਾਂ ਵਿੱਚੋਂ ਕੁਝ ਖੁੱਲ੍ਹ ਕੇ ਇਸਲਾਮ ਵਿਰੋਧੀ ਹਨ। ਕੁਝ ਗਰੁੱਪ ਸਰਕਾਰ ਦੇ ਵਿਰੋਧ ਦੀ ਚਰਚਾ ਕਰਦੇ ਹਨ। 150 ਪੁਲਿਸ ਅਧਿਕਾਰੀ ਸਰਕਾਰ ਵਿਰੋਧੀ ਹਿੰਸਕ ਗਰੁੱਪਾਂ ਨਾਲ ਜੁੜੇ ਨਿਕਲੇ ਹਨ। ਇਹ ਰਿਪੋਰਟ ਸਾਹਮਣੇ ਆਉਣ ਪਿੱਛੋਂ 50 ਤੋਂ ਵੱਧ ਵਿਭਾਗ ਅੰਦਰੂਨੀ ਪੱਧਰ ਉੱਤੇ ਇਸ ਦੀ ਜਾਂਚ ਕਰ ਰਹੇ ਹਨ।



ਵਿਭਾਗ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਸੋਸ਼ਲ ਮੀਡੀਆ ਉਤੇ ਇਨ੍ਹਾਂ ਦੀ ਵਿਚਾਰਧਾਰਾ ਨਾਲ ਉਨ੍ਹਾਂ ਦੇ ਕੰਮ ਉੱਤੇ ਕੀ ਅਸਰ ਪੈਂਦਾ ਹੈ। ਵਿਭਾਗੀ ਨਿਯਮਾਂ ਦੀ ਉਲੰਘਣਾ ਦੇ ਕਾਰਨ ਇਕ ਅਧਿਕਾਰੀ ਬਰਖ਼ਾਸਤ ਵੀ ਕੀਤਾ ਗਿਆ ਹੈ। ਚੈਂਪਮੈਨ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਪੀਟਰ ਸਿਮੀ ਨੇ ਕਿਹਾ ਕਿ ਇਨ੍ਹਾਂ ਗਰੁੱਪਾਂ ਵਿੱਚ ਹੋਣ ਵਾਲੀ ਚਰਚਾ ਨਾਲ ਵਿਅਕਤੀ ਦੇ ਫ਼ੈਸਲੇ ਉੱਤੇ ਫਰਕ ਪੈਂਦਾ ਹੈ। ਦੁਨੀਆ ਦੇ ਬਾਰੇ ਸਾਡੀ ਜਿਵੇਂ ਦੀ ਧਾਰਨਾ ਹੁੰਦੀ ਹੈ, ਅਸੀਂ ਉਸੇ ਤਰ੍ਹਾਂ ਫ਼ੈਸਲੇ ਲੈਂਦੇ ਹਾਂ। ਇਸ ਤਰ੍ਹਾਂ ਮੁਸ਼ਕਲ ਹੈ ਕਿ ਵਿਅਕਤੀ ਆਪਣੇ ਵਿਚਾਰ ਅਤੇ ਫ਼ੈਸਲੇ ਨੂੰ ਅਲੱਗ-ਅਲੱਗ ਰੱਖ ਸਕੇ।

## ਲੋਕਾਂ ਦੇ ਵਿਰੋਧ ਪਿੱਛੋਂ ਹਾਂਗਕਾਂਗ ਵਿਚ ਹਵਾਲਗੀ ਦੇ ਕਾਨੂੰਨ ਉੱਤੇ ਰੋਕ

ਹਾਂਗਕਾਂਗ, 16 ਜੂਨ (ਪੋਸਟ ਬਿਊਰੋ)- ਹਫਤੇ ਭਰ ਤੋਂ ਜਾਰੀ ਵਿਰੋਧ ਪ੍ਰਦਰਸ਼ਨ ਪਿੱਛੋਂ ਹਾਂਗਕਾਂਗ ਦੀ ਨੇਤਾ ਕੈਰੀ ਲੈਮ ਨੇ ਵਿਵਾਦਤ ਹਵਾਲਗੀ ਕਾਨੂੰਨ ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤਾ ਹੈ। ਇਸ ਕਾਨੂੰਨ ਵਿੱਚ ਮੁਲਜ਼ਮਾਂ ਅਤੇ ਸ਼ੱਕੀ ਲੋਕਾਂ ਨੂੰ ਕੇਸ ਚਲਾਉਣ ਲਈ ਸਿੱਧੇ ਚੀਨ ਹਵਾਲੇ ਕਰਨ ਦੀ ਵਿਵਸਥਾ ਸੀ। ਕਈ ਲੋਕ ਚੀਨ ਹਮਾਇਤੀ ਨੇਤਾ ਲੈਮ ਵੱਲੋਂ ਤਜਵੀਜ਼ ਸ਼ੁਦਾ ਇਸ ਕਾਨੂੰਨ ਨੂੰ ਹਾਂਗਕਾਂਗ ਦੀ ਖੁਦਮੁਖਤਾਰੀ ਤੇ ਇਥੋਂ ਨਾਗਰਿਕਾਂ ਦੀ ਆਜ਼ਾਦੀ ਲਈ ਖਤਰਾ ਮੰਨਦੇ ਹਨ।

ਅਸਲ ਵਿੱਚ 1997 ਵਿੱਚ ਬ੍ਰਿਟੇਨ ਨੇ ਚੀਨ ਨੂੰ ਹਾਂਗਕਾਂਗ ਇਸੇ ਸ਼ਰਤ ਉੱਤੇ ਸੌਂਪਿਆ ਸੀ ਕਿ 'ਵਨ ਕੰਟਰੀ, ਟੂ ਸਿਸਟਮ' ਤਹਿਤ ਉਸ ਦੀ ਖੁਦਮੁਖਤਾਰੀ ਕਾਇਮ ਰਹੇਗੀ। ਇਸ ਸਾਲ ਫਰਵਰੀ ਵਿੱਚ ਤਜਵੀਜ਼ ਸ਼ੁਦਾ ਹਵਾਲਗੀ ਕਾਨੂੰਨ ਦਾ ਸ਼ੁਰੂ ਤੋਂ ਹੀ ਵਿਰੋਧ ਸ਼ੁਰੂ ਹੋ ਗਿਆ ਸੀ। ਪਿਛਲੇ ਐਤਵਾਰ ਨੂੰ ਲੱਖਾਂ ਲੋਕਾਂ ਨੇ ਉਕਤ ਵਿਵਾਦਤ ਕਾਨੂੰਨ ਹਟਾਉਣ ਦੀ ਮੰਗ ਕਰਦੇ ਹੋਏ ਹਿੰਸਕ ਵਿਰੋਧ ਪ੍ਰਦਰਸ਼ਨ ਕੀਤਾ ਸੀ ਜੋ ਹਫਤਾ ਭਰ ਜਾਰੀ ਰਿਹਾ। ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲਈ ਪੁਲਸ ਨੇ ਅੱਥਰੂ ਗੈਸ ਅਤੇ ਰਬੜ ਬੁਲੇਟ ਦਾ ਇਸਤੇਮਾਲ ਕੀਤਾ ਸੀ। ਇਸ ਨਾਲ ਪੂਰੇ ਇਲਾਕੇ ਵਿੱਚ ਤਹਿ-ਲਕਾ ਮਚ ਗਿਆ ਤੇ ਪ੍ਰਦਰਸ਼ਨਕਾਰੀ ਲੈਮ ਦੇ ਅਸਤੀਫੇ ਦੀ ਵੀ ਮੰਗ ਕਰਨ ਲੱਗੇ। ਲੈਮ ਦੇ ਸਹਿਯੋਗੀ ਵੀ ਉਨ੍ਹਾਂ ਉਤੇ ਬਿੱਲ ਵਾਪਸ ਲੈਣ ਦਾ ਦਬਾਅ ਬਣਾ ਰਹੇ ਸਨ। ਇਸੇ ਕਾਰਨ ਅਖੀਰ ਉਨ੍ਹਾਂ ਨੂੰ ਬਿੱਲ ਨੂੰ ਅਣਮਿੱਥੇ ਸਮੇਂ ਲਈ ਟਾਲਣਾ ਪਿਆ ਹੈ।

ਉਂਝ ਵਿਰੋਧ ਦੇ ਬਾਅਦ ਵੀ ਉਹ ਬਿੱਲ ਰੱਦ ਨਾ ਕਰਨ ਦੀ ਗੱਲ 'ਤੇ ਅੜੀ ਹੋਈ ਸੀ। ਅਸਤੀਫਾ ਦੇਣ ਦੇ ਸਵਾਲ ਉਤੇ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਨੂੰ ਇੱਕ ਹੋਰ ਮੌਕਾ ਦੇਣਾ ਚਾਹੀਦਾ ਹੈ। ਬਿੱਲ ਵਾਪਸ ਲੈਣ ਲਈ ਇਸ ਐਤਵਾਰ ਨੂੰ ਫਿਰ ਤੋਂ ਵਿਆਪਕ ਰੈਲੀ ਦੀ ਤਿਆਰੀ ਕੀਤੀ ਜਾ ਰਹੀ ਹੈ।

## ਅੱਤਵਾਦੀ ਵਿਰੋਧੀ ਜਾਂਚ ਦੌਰਾਨ ਪੁਲਸ ਨੇ ਦੋ ਵਿਅਕਤੀਆਂ ਨੂੰ ਗੋਲੀ ਮਾਰੀ

ਸਿਡਨੀ, 16 ਜੂਨ (ਪੋਸਟ ਬਿਊਰੋ)- ਆਸਟਰੇਲੀਆ ਦੇ ਵਿਕਟੋਰੀਆ ਸੂਬੇ 'ਚ ਜਾਰੀ ਅੱਤਵਾਦੀ ਵਿਰੋਧੀ ਜਾਂਚ ਦੌਰਾਨ ਪੁਲਸ ਅਧਿਕਾਰੀਆਂ ਨੇ ਦੋ ਹਥਿਆਰਬੰਦ ਲੋਕਾਂ ਨੂੰ ਗੋਲੀ ਮਾਰ ਦਿੱਤੀ।

ਸਮਾਚਾਰ ਏਜੰਸੀ ਦੀ ਰਿਪੋਰਟ ਅਨੁਸਾਰ ਕਾਊਂਟਰ ਟੇਰਾਰਿਜ਼ਮ ਕਮਾਂਡ (ਸੀ ਟੀ ਸੀ) ਦੇ ਜਾਸੂਸ ਬਰਨਵਰਥ ਨਾਰਥ 'ਚ ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਪ੍ਰਕਿਰਿਆ 'ਚ ਲੱਗੇ ਹੋਏ ਸਨ। ਇਸੇ ਦੌਰਾਨ ਉਨ੍ਹਾਂ ਨੇ ਦੋ ਵਿਅਕਤੀਆਂ 'ਤੇ ਸ਼ੱਕ ਨੂੰ ਲੈ ਕੇ ਸਥਾਨਕ ਪੁਲਸ ਦੀ ਸਹਾਇਤਾ ਮੰਗੀ। ਵਿਕਟੋਰੀਆ ਸੂਬਾ ਪੁਲਸ ਮੁਤਾਬਕ ਪੁਲਸ ਕਰਮੀਆਂ ਨੇ ਓਲਡ ਬਰਨਵਾਰਥ ਰੋਡ ਦੇ ਨਜ਼ਦੀਕ ਰਿਚਰਡਸਨ ਬੈਂਡ ਕੈਂਪਿਗ ਗਰਾਊਂਡ ਦੇ ਨੇੜੇ ਇਕ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਦੋ ਲੋਕ ਸਨ। ਪੁਲਸ ਕਰਮੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਦੀ ਗੱਡੀ ਨੂੰ ਟੱਕਰ ਮਾਰ ਦਿੱਤੀ ਅਤੇ ਆਪਣੇ ਹੱਥਾਂ 'ਚ ਕੁਹਾੜੀ ਤੇ ਚਾਕੂ ਲੈ ਕੇ ਉਹ ਗੱਡੀ ਤੋਂ ਹੇਠਾਂ ਉਤਰੇ। ਉਨ੍ਹਾਂ ਦੱਸਿਆ ਕਿ ਉਹ ਪੁਲਸ ਨਲ ਹੱਥੋਪਾਈ ਹੋ ਗਏ, ਜਿਸ ਦੌਰਾਨ ਪੁਲਸ ਕਰਮੀਆਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਦੋਵਾਂ ਨੂੰ ਨਜ਼ਦੀਕੀ ਹਸਪਤਾਲ 'ਚ ਲਿਜਾਇਆ ਗਿਆ ਹੈ।

## ਮੈਕਸੀਕੋ ਸਰਹੱਦ ਨੇੜੇ ਪਾਣੀ ਨੂੰ ਤਰਸਦੀ ਪੰਜਾਬੀ ਬੱਚੀ ਦੀ ਮੌਤ



ਹਿਊਸਟਨ, 16 ਜੂਨ (ਪੋਸਟ ਬਿਊਰੋ)- ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਪੈਂਦੇ ਐਰੀਜ਼ੋਨਾ ਰੇਗਿਸਤਾਨ ਵਿੱਚ ਇੱਕ ਛੇ ਸਾਲਾ ਪੰਜਾਬੀ ਬੱਚੀ ਗੁਰਪ੍ਰੀਤ ਕੌਰ ਦੀ ਲੂ ਲੱਗਣ ਨਾਲ ਉਸ ਸਮੇਂ ਮੌਤ ਹੋ ਗਈ, ਜਦੋਂ ਉਸ ਦੀ ਮਾਂ ਉਸ ਨੂੰ ਛੱਡ ਕੇ ਉਸ ਦੇ ਲਈ ਪਾਣੀ ਦੀ ਭਾਲ ਵਿੱਚ ਗਈ ਸੀ। ਅਮਰੀਕੀ ਅਧਿਕਾਰੀਆਂ ਨੇ ਇਸ ਘਟਨਾ ਲਈ ਮਨੁੱਖੀ ਤਸਕਰਾਂ ਨੂੰ ਦੋਸ਼ੀ ਠਹਿਰਾਇਆ ਹੈ। ਲਿਊਕਵਿਲੇ ਤੋਂ 27 ਕਿਲੋਮੀਟਰ ਦੂਰ ਐਰਾਜ਼ੋਨਾ ਵਿੱਚ ਅਮਰੀਕੀ ਸਰਹੱਦੀ ਗਸ਼ਤ ਪਾਰਟੀ ਨੂੰ ਇਹ ਬੱਚੀ, ਜੋ ਆਪਣਾ ਸੱਤਵਾਂ ਜਨਮ ਦਿਨ ਮਨਾਉਣ ਵਾਲੀ ਸੀ, ਮ੍ਰਿਤਕ ਹਾਲਤ ਵਿੱਚ ਮਿਲੀ ਸੀ। ਐਰੀਜ਼ੋਨਾ ਵਿੱਚ ਇਸ ਸਮੇਂ ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ।

ਪੁਲਸ ਰਿਪੋਰਟ ਮੁਤਾਬਕ ਪਾਈਮਾ ਕਾਊਂਟੀ ਮੁੱਖ ਡਾਕਟਰੀ ਨਿਰੀਖਕ ਗਰੇਗੋਰੀ ਹੈਸ ਨੇ ਦੱਸਿਆ ਕਿ ਮ੍ਰਿਤਕ ਬੱਚੀ ਦੀ ਪਛਾਣ ਗੁਰਪ੍ਰੀਤ ਕੌਰ ਵਜੋਂ ਹੋਈ ਅਤੇ ਉਸ ਦੀ ਮੌਤ ਅਚਾਨਕ 'ਤੇ ਹਾਈਪਰਥਰਮੀਆ ਕਾਰਨ ਹੋਈ ਹੈ। ਗਸ਼ਤ ਪਾਰਟੀ ਨੇ ਬੱਚੀ ਦੀ ਮੌਤ ਲਈ ਮਨੁੱਖੀ ਤਸਕਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਬੱਚੀ ਨਾਲ ਚਾਰ ਹੋਰ ਲੋਕ ਅਮਰੀਕਾ ਆਉਣ ਲਈ ਅੱਗੇ ਵਧ ਰਹੇ ਸਨ, ਜਿਨ੍ਹਾਂ ਨੂੰ ਮਨੁੱਖੀ ਤਸਕਰਾਂ ਨੇ ਸਰਹੱਦ ਨੇੜੇ ਛੱਡ ਕੇ ਇਹ ਖਤਰਨਾਕ ਰਸਤਾ ਪਾਰ ਕਰਨ ਲਈ ਕਿਹਾ ਸੀ। ਗਸ਼ਤ ਪਾਰਟੀ ਦੇ ਏਜੰਟ ਜੀਸਸ ਵਾਸ-ਾਵਿਲਬਾਸੋ ਨੇ ਦੱਸਿਆ ਕਿ ਕੁਝ ਸਮਾਂ ਚੱਲਣ ਬਾਅਦ ਬੱਚੀ ਦੀ ਮਾਤਾ ਆਪਣੀ ਬੱਚੀ ਨੂੰ ਇੱਕ ਔਰਤ ਜਿਸ ਨਾਲ ਉਸ ਦਾ ਬੱਚਾ ਵੀ ਸੀ, ਕੋਲ ਛੱਡ ਕੇ ਇੱਕ ਹੋਰ ਔਰਤ ਨਾਲ ਪਾਣੀ ਲੈਣ ਚਲੀ ਗਈ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਮੁੜ ਨਹੀਂ ਵੇਖਿਆ ਗਿਆ। ਉਨ੍ਹਾਂ ਦੱਸਿਆ ਕਿ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਇਹ ਬੱਚੀ ਮ੍ਰਿਤਕ ਹਾਲਤ ਵਿੱਚ ਮਿਲੀ। ਉਨ੍ਹਾਂ ਕਿਹਾ ਕਿ ਸਾਨੂੰ ਮ੍ਰਿਤਕ ਬੱਚੀ ਤੇ ਉਸ ਦੇ ਪਰਵਾਰ ਨਾਲ ਹਮਦਰਦੀ ਹੈ ਤੇ ਲਾਪਤਾ ਹੋਏ ਲੋਕਾਂ ਦੀ ਭਾਲ ਜਾਰੀ ਹੈ।

## ਬ੍ਰਿਟੇਨ ਦਾ ਤਕਨੀਕੀ ਵੀਜ਼ਾ ਚਾਹੁਣ ਵਾਲਿਆਂ ਵਿੱਚ ਭਾਰਤੀ ਵਧੇਰੇ

ਲੰਡਨ, 16 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੇ ਤਕਨੀਕੀ ਸੈਕਟਰ ਵਿੱਚ ਸੇਵਾਵਾਂ ਦੇਣ ਲਈ ਭਾਰਤ ਅਤੇ ਅਮਰੀਕਾ ਦੇ ਪੇਸ਼ੇਵਰ ਤੇ ਉਦਮੀ ਸਭ ਤੋਂ ਵੱਧ ਇਛੁੱਕ ਹਨ। ਦੋਵਾਂ ਦੇਸ਼ਾਂ ਦੇ ਨਾਗਰਿਕਾਂ ਨੇ ਇਸ ਦੇ ਲਈ ਸਭ ਤੋਂ ਵੱਧ ਗਿਣਤੀ ਵਿੱਚ ਵੀਜ਼ਾ ਲਈ ਬਿਨੈ ਕੀਤਾ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਦੀ ਬ੍ਰਾਂਚ ਟੈਕ ਨੇਸ਼ਨ ਨੇ ਇਹ ਗੱਲ ਕਹੀ ਹੈ।

ਵਰਨਣ ਯੋਗ ਹੈ ਕਿ ਇਹ ਬ੍ਰਾਂਚ ਤਕਨੀਕੀ ਖੇਤਰ ਵਿੱਚ ਕੰਮ ਕਰਨ ਦੇ ਇਛੁੱਕ ਲੋਕਾਂ ਲਈ ਵੀਜ਼ਾ ਜਾਰੀ ਕਰਦੀ ਹੈ। ਟੈਕ ਨੇਸ਼ਨ ਨੇ ਪਾਇਆ ਕਿ ਬ੍ਰਿਟੇਨ ਦੇ ਟੈਕਨਾਲੋਜੀ ਸੈਕਟਰ ਵਿੱਚ ਭਾਰਤੀਆਂ ਦੀ ਵੱਡੀ ਗਿਣਤੀ ਕੰਮ ਕਰ ਰਹੀ ਹੈ, ਜੋ ਸਾਲੋ ਸਾਲ ਵਧਦੀ ਜਾਂਦੀ ਹੈ। 2018-19 'ਚ ਇਸ ਖੇਤਰ ਵਿੱਚ 650 ਭਾਰਤੀਆਂ ਨੇ ਵੀਜ਼ਾ ਲਈ ਬਿਨੈ ਕੀਤਾ, ਜਦ ਕਿ ਇਸ ਤੋਂ ਪਹਿਲਾਂ ਦੇ ਸਾਲ 'ਚ 450 ਪੇਸ਼ੇਵਰਾਂ ਨੇ ਵੀਜ਼ਾ ਮੰਗਿਆ ਸੀ। ਇਹ ਇੱਕ ਸਾਲ ਵਿੱਚ 45 ਫੀਸਦੀ ਦਾ ਵੱਡਾ ਵਾਧਾ ਹੈ। ਸਭ ਤੋਂ ਵੱਧ ਵੀਜ਼ਾ ਮੰਗਣ ਵਾਲੇ ਭਾਰਤੀ ਜਿੱਥੇ ਸਾਫਟਵੇਅਰ ਇੰਜੀਨੀਅਰ ਹਨ, ਉਥੇ ਅਮਰੀਕੀ ਬਿਜ਼ਨਸ ਡਿਵੈਲਪਰ ਹਨ। ਇਨ੍ਹਾਂ ਦੋਵਾਂ ਦੇਸ਼ਾਂ ਤੋਂ ਬਿਨਾ ਨਾਈਜੀਰੀਆ, ਰੂਸ, ਕੈਨੇਡਾ, ਆਸਟਰੇਲੀਆ, ਚੀਨ ਤੇ ਦੱਖਣੀ ਅਫਰੀਕਾ ਦੇ ਲੋਕਾਂ ਨੂੰ ਵੀ ਵੱਡੀ ਗਿਣਤੀ ਵਿੱਚ ਵੀਜ਼ਾ ਲਈ ਬਿਨੈ ਕੀਤਾ ਹੈ। ਟੈਕ ਨੇਸ਼ਨ ਟੀਅਰ 1 ਗ੍ਰੇਡ ਦੇ ਵੀਜ਼ਾ ਬਿਨੈਕਾਰਾਂ ਦੀ ਮਨਜ਼ੂਰੀ ਪ੍ਰਕਿਰਿਆ ਵੇਖਦਾ ਹੈ ਤੇ ਉਨ੍ਹਾਂ ਦਾ ਰਿਕਾਰਡ ਰੱਖਦਾ ਹੈ। ਖਾਸ ਤੌਰ 'ਤੇ ਡਿਜ਼ੀਟਲ ਟੈਕਨਾਲੋਜੀ ਨਾਲ ਜੁੜੇ ਬਿਨੈ ਵੇਖਦਾ ਹੈ। ਟੈਲੇਂਟ ਵੀਜ਼ਾ ਦੇ ਮਾਮਲੇ ਵੇਖਣ ਲਈ ਗ੍ਰਹਿ ਮੰਤਰਾਲੇ ਵਿੱਚ ਵੱਖਰੀ ਬ੍ਰਾਂਚ ਹੈ।

ਆਪਣੀ ਤਾਜ਼ਾ ਨੀਤੀ ਵਿੱਚ ਬ੍ਰਿਟੇਨ ਪੂਰੀ ਦੁਨੀਆ ਦੇ ਹੁਨਰਮੰਦਾਂ ਨੂੰ ਸੱਦਾ ਦੇ ਰਿਹਾ ਹੈ। ਉਹ ਬੀਤੇ ਦਹਾਕਿਆਂ ਵਿੱਚ ਹੌਲੀ ਹੋਈ




ਤਰੱਕੀ ਦੀ ਰਫਤਾਰ ਨੂੰ ਗਤੀ ਦੇਣਾ ਚਾਹੁੰਦਾ ਹੈ ਤੇ ਤਕਨੀਕ ਖੇਤਰ ਦੇ ਪੇਸ਼ੇਵਰਾਂ ਤੋਂ ਇਲਾਵਾ ਵਿਦਵਾਨ ਅਧਿਆਪਕਾਂ ਨੂੰ ਸੱਦਾ ਦੇ ਰਿਹਾ ਹੈ ਜਿਸ ਨਾਲ ਦੇਸ਼ ਵਿੱਚ ਸਿਖਿਆ ਦਾ ਪੱਧਰ ਉਚਾ ਬਣਿਆ ਰਹੇ ਤੇ ਉਥੇ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧੇ ਦਾ ਸਿਲਸਿਲਾ ਕਾਇਮ ਰਹੇ। ਢਾਂਚਾਗਤ ਆਧਾਰ 'ਤੇ ਬ੍ਰਿਟੇਨ ਭਾਰਤ ਦੇ ਹੁਨਰਮੰਦਾਂ ਨੂੰ ਜ਼ਿਆਦਾ ਮੌਕਾ ਦੇ ਰਿਹਾ ਹੈ ਤੇ ਤਰੱਕੀ ਦੀ ਰਫਤਾਰ ਵਧਾਉਣ 'ਚ ਉਨ੍ਹਾਂ ਦਾ ਸਹਿਯੋਗ ਲੈ ਰਿਹਾ ਹੈ।

Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

MICHELIN · HANKOOK · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸੁਖਦੇਵ ਸਿੰਘ ਢੀਂਡਸਾ ਉਮਰ ਭਰ ਲਈ ਪੰਜਾਬ ਉਲੰਪਿਕ ਕਮੇਟੀ ਦੇ ਪ੍ਰਧਾਨ ਚੁਣੇ ਗਏ



ਐੱਸ ਏ ਐੱਸ ਨਗਰ, 16 ਜੂਨ (ਪੋਸਟ ਬਿਊਰੋ)- ਪੰਜਾਬ ਓਲੰਪਿਕ ਐਸੋਸੀਏਸ਼ਨ (ਪੀ ਓ ਏ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਹੁਦਾ ਛੱਡਣ ਪਿੱਛੋਂ ਮੀਤ ਪ੍ਰਧਾਨ ਬ੍ਰਹਮ ਮਹਿੰਦਰਾ ਨੂੰ ਐਸੋਸੀਏਸ਼ਨ ਦੀ ਚੋਣ ਤੱਕ ਵਰਕਿੰਗ ਪ੍ਰਧਾਨ ਨਾਮਜ਼ਦ ਕੀਤਾ ਗਿਆ ਹੈ। ਕੱਲ੍ਹ ਪੰਜਾਬ ਓਲੰਪਿਕ ਭਵਨ ਵਿਖੇ ਪੀ ਓ ਏ ਦੀ ਕਾਰਜਕਾਰਨੀ ਮੀਟਿੰਗ ਤੇ ਸਾਲਾਨਾ ਜਨਰਲ ਹਾਊਸ ਵਿੱਚ ਢੀਂਡਸਾ ਵੱਲੋਂ 41 ਸਾਲ ਪ੍ਰਧਾਨ ਵਜੋਂ ਨਿਭਾਈ ਸੇਵਾ ਦੀ ਸ਼ਲਾਘਾ ਕੀਤੀ ਗਈ ਤੇ ਇਸ ਮੌਕੇ ਪੀ ਓ ਏ ਵੱਲੋਂ ਸੁਖਦੇਵ ਸਿੰਘ ਢੀਂਡਸਾ ਨੂੰ ਪੀ ਓ ਏ ਦਾ ਲਾਈਫ ਪ੍ਰੈਜ਼ੀਡੈਂਟ ਬਣਾਉਣ ਦਾ ਫੈਸਲਾ ਕੀਤਾ ਗਿਆ।

ਪਤਾ ਲੱਗਾ ਹੈ ਕਿ ਪੀ ਓ ਏ ਦੀ ਇਸ ਕਾਰਜਕਾਰਨੀ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਤੇ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੂੰ ਪੀ ਓ ਏ ਦੀ ਚੋਣ ਤੱਕ ਐਸੋਸੀਏਸ਼ਨ ਦਾ ਵਰਕਿੰਗ ਪ੍ਰਧਾਨ ਨਾਮਜ਼ਦ ਕਰਨ ਦੀ ਤਜਵੀਜ਼ ਸਰਬ ਸੰਮਤੀ ਨਾਲ ਪਾਸ ਕੀਤੀ ਗਈ, ਜਿਸ ਨੂੰ ਬਾਅਦ ਵਿੱਚ ਸਾਲਾਨਾ ਜਨਰਲ ਹਾਊਸ ਨੇ ਪਾਸ ਕੀਤਾ ਹੈ। ਬ੍ਰਹਮ ਮਹਿੰਦਰਾ ਦੀ ਅਗਵਾਈ ਹੇਠ ਕਮੇਟੀ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ, ਜਿਹੜੀ ਪੰਜਾਬ ਸਰਕਾਰ ਨਾਲ ਸਭ ਮਾਮਲਿਆਂ ਬਾਰੇ ਸੰਪਰਕ ਕਰੇਗੀ। ਇਸ ਦੌਰਾਨ ਬ੍ਰਹਮ ਮਹਿੰਦਰਾ ਤੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਵੱਲੋਂ ਪੀ ਓ ਏ ਨੂੰ ਆਪਣੇ ਅਖਤਿਆਰੀ ਕੋਟੇ ਵਿੱਚੋਂ 10-10 ਲੱਖ ਰੁਪਏ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ।

# ਸਿਰਫ 35 ਫੀਸਦੀ ਲੋਕਾਂ ਨੂੰ ਬਜ਼ੁਰਗਾਂ ਦੀ ਸੇਵਾ ਤੋਂ ਹੁੰਦੀ ਹੈ ਖੁਸ਼ੀ



ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਇਹ ਕੋਈ ਨਵੀਂ ਗੱਲ ਨਹੀਂ ਕਿ ਬਹੁਤੇ ਘਰਾਂ ਵਿੱਚ ਬਜ਼ੁਰਗਾਂ ਨੂੰ ਬੋਝ ਵਾਂਗ ਸਮਝਿਆ ਜਾਂਦਾ ਹੈ। ਇੱਕ ਤਾਜ਼ਾ ਸਰਵੇਖਣ 'ਚ ਇਹ ਖੁਲਾਸਾ ਹੋਇਆ ਹੈ ਕਿ ਦੇਖਭਾਲ ਕਰਨ ਵਾਲੇ 35 ਫੀਸਦੀ ਲੋਕਾਂ ਨੂੰ ਬਜ਼ੁਰਗਾਂ ਦੀ ਸੇਵਾ ਕਰਨ ਵਿੱਚ ਖੁਸ਼ੀ ਮਹਿਸੂਸ ਨਹੀਂ ਹੁੰਦੀ।

ਲੋਕ ਭਲਾਈ ਦੇ ਇੱਕ ਸੰਗਠਨ ਹੈਲਪਜ਼ ਇੰਡੀਆ ਦੀ ਰਿਪੋਰਟ ਮੁਤਾਬਕ 'ਭਾਰਤ ਵਿੱਚ ਬਜ਼ੁਰਗਾਂ ਨਾਲ ਦੁਰ-ਹਿਾਰ, ਦੇਖ ਰੇਖ ਕਰਨ ਵਿੱਚ ਪਰਵਾਰ ਦੀ ਭੂਮਿਕਾ' ਚੁਣੌਤੀਆਂ ਅਤੇ ਪ੍ਰਤੀਕਿਰਿਆ ਕੱਲ੍ਹ 'ਵਿਸ਼ਵ ਬਜ਼ੁਰਗ ਦੁਰਵਰਤਾਓ ਰੋਕਥਾਮ ਜਾਗਰੂਕਤਾ ਦਿਵਸ' ਦੀ ਪਹਿਲੀ ਸ਼ਾਮ ਨੂੰ ਜਾਰੀ ਕੀਤੀ ਗਈ। ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 29 ਫੀਸਦੀ ਲੋਕ ਮੰਨਦੇ ਹਨ ਕਿ ਉਹ ਆਪਣੇ ਬਜ਼ੁਰਗਾਂ ਨੂੰ ਘਰ ਵਿੱਚ ਰੱਖਣ ਦੀ ਬਜਾਏ ਬਿਰਧ ਆਸ਼ਰਮ ਵਿੱਚ ਰੱਖਣਾ ਚਾਹੁਣਗੇ। ਇਸ ਸਰਵੇਖਣ 'ਚ ਹਿੱਸਾ ਲੈਣ ਵਾਲੇ ਲੋਕਾਂ 'ਚੋਂ ਇਕ ਚੌਥਾਈ ਦੇਖ ਰੇਖ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਨਿਰਾਸ਼ਾ ਹੁੰਦੀ ਹੈ ਅਤੇ ਇਸ ਕਾਰਨ ਪਰਵਾਰ ਦੇ ਬਜ਼ੁਰਗ ਮੈਂਬਰਾਂ 'ਤੇ ਗੁੱਸਾ ਕਰਦੇ ਹਨ। ਸਰਵੇਖਣ 'ਚ ਕੁੱਲ 2090 ਦੇਖ ਰੇਖ ਕਰਨ ਵਾਲੇ (ਜਿਨ੍ਹਾਂ ਵਿੱਚ ਪੁੱਤਰ, ਨੂੰਹ, ਬੇਟੀ ਅਤੇ ਜਵਾਈ) ਸ਼ਾਮਲ ਸਨ। ਬਜ਼ੁਰਗਾਂ ਦੀ ਸੇਵਾ ਨੂੰ ਖੁਦ 'ਤੇ ਬੋਝ ਸਮਝਣ ਤੋਂ ਬਾਅਦ ਵੀ 32 ਫੀਸਦੀ ਲੋਕਾਂ ਨੇ ਬਜ਼ੁਰਗਾਂ ਨੂੰ ਉਨ੍ਹਾਂ ਦੀ ਰੁਟੀਨ 'ਚ ਮਦਦ ਕਰਕੇ ਆਪਣਾ ਫਰਜ਼ ਨਿਭਾਇਆ। ਇਸ ਸੰਗਠਨ ਨੇ ਕੌਮੀ ਪੱਧਰ ਉੱਤੇ ਹੈਲਪਲਾਈਨ ਐਪ 'ਹੈਲਪਜ਼ ਐਸ ਓ ਐਸ' ਦੀ ਸ਼ੁਰੂਆਤ ਕੀਤੀ ਹੈ, ਜਿਸ ਦਾ ਟੀਚਾ ਲੋੜਵੰਦ ਬਜ਼ੁਰਗ ਵਿਅਕਤੀ ਦੀ ਮਦਦ ਕਰਨਾ ਹੈ।

# ਬਿਆਸ ਵਿੱਚ ਫਾਈਨੈਂਸ ਕੰਪਨੀ ਤੋਂ ਨਿਕਲਦੇ ਕਰਿੰਦੇ ਦਾ ਹਾਈਵੇ ਉੱਤੇ ਗੋਲੀ ਮਾਰ ਕੇ ਕਤਲ

ਅਬਿਆਸ, 16 ਜੂਨ (ਪੋਸਟ ਬਿਊਰੋ)- ਬਿਆਸ ਤੇ ਰਈਆ ਵਿੱਚ ਸ਼ੁੱਕਰਵਾਰ ਦੇਰ ਰਾਤ ਲਗਭਗ ਹੱਤਿਆ ਅਤੇ ਲੁੱਟਖੋਹ ਦੀਆਂ ਦੋ ਵਾਰਦਾਤਾਂ ਕਾਰਨ ਲੋਕ ਇਕਦਮ ਦਹਿਸ਼ਤ ਵਿੱਚ ਆ ਗਏ ਹਨ।

ਇਸ ਬਾਰੇ ਪਤਾ ਲੱਗਾ ਹੈ ਕਿ ਬਿਆਸ ਦੇ ਨੇੜੇ ਗੁਰੂ ਨਾਨਕਪੁਰਾ ਕਲੋਨੀ ਵਿੱਚ ਅਸ਼ੀਰਵਾਦ ਪ੍ਰਾਈਵੇਟ ਫਾਈਨੈਂਸ ਕੰਪਨੀ ਦੇ ਮੁਲਾਜ਼ਮ ਗੁਰਪ੍ਰੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਅਤੇ ਰਈਆ-ਬਾਬਾ ਬਕਾਲਾ ਸਾਹਿਬ ਲਿੰਕ ਰੋਡ ਉੱਤੇ ਬੇਕਰੀਆਂ ਦੇ ਨੇੜੇ ਲੁਟੇਰਿਆਂ ਨੇ ਜੀਵਨ ਬੀਮਾ ਐਡਵਾਈਜ਼ਰ ਜਗਦੀਪ ਸਿੰਘ ਭਿੰਡਰ ਨੂੰ ਜ਼ਖਮੀ ਕਰ ਕੇ 1.10 ਲੱਖ ਰੁਪਏ ਲੁੱਟ ਲਏ। ਦੋਵੇਂ ਘਟਨਾਵਾਂ ਵਿੱਚ ਸਿਰਫ ਛੇ ਕਿਲੋਮੀਟਰ ਦਾ ਫਾਸਲਾ ਹੈ।

ਬਿਆਸ ਦੀ ਅਸ਼ੀਰਵਾਦ ਫਾਈਨੈਂਸ ਕੰਪਨੀ ਤੋਂ ਰਾਤ 11 ਵਜੇ ਦੇ ਬਾਅਦ ਗੁਰਪ੍ਰੀਤ ਸਿੰਘ (30) ਪੁਤਰ ਮਹਿੰ-ਦਰ ਸਿੰਘ, ਪਿੰਡ ਖੀਵਾ (ਮਾਨਸਾ) ਜਦੋਂ ਘਰ ਜਾਣ ਨੂੰ ਨਿਕਲਿਆ ਤਾਂ ਹਾਈਵੇ ਉਤੇ ਰੋਕ ਕੇ ਮਾਰ ਦਿੱਤਾ ਗਿਆ। ਉਹ ਪਿਛਲੇ ਸਮੇਂ ਤੋਂ ਬਿਆਸ ਵਿੱਚ ਰਹਿ ਰਿਹਾ ਸੀ। ਇਸ ਕੇਸ ਵਿੱਚ ਕਿਸੇ ਤਰ੍ਹਾਂ ਦੇ ਕੈਸ਼ ਲੁੱਟਖੋਹ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ,



ਪਰ ਲੱਗਦਾ ਹੈ ਕਿ ਗੋਲੀ ਲੁੱਟ ਦੇ ਇਰਾਦੇ ਨਾਲ ਮਾਰੀ ਹੋਵੇਗੀ। ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਤੋਂ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਮੌਤ ਹੋਈ।

ਦੂਸਰੇ ਪਾਸੇ ਰਈਆ-ਬਾਬਾ ਬਕਾਲਾ ਸਾਹਿਬ ਲਿੰਕ ਰੋਡ ਉੱਤੇ ਬੇਕਰੀਆਂ ਨੇੜੇ ਲੁੱਟੇ ਗਏ ਬੀਮਾ ਐਡਵਾਈਰ ਜਗਦੀਪ ਸਿੰਘ ਭਿੰਡਰ ਨੇ ਦੱਸਿਆ ਕਿ ਉਹ ਆਸਪਾਸ ਦੇ ਪਿੰਡਾਂ ਤੋਂ ਬੀਮਾ ਦੀਆਂ ਕਿਸ਼ਤਾਂ ਇਕੱਠੀਆਂ ਕਰ ਕੇ ਰਾਤ ਨੂੰ ਘਰ ਮੁੜ ਰਿਹਾ ਸੀ। ਛੋਟਾ ਰਈਆ ਦੀਆਂ ਬੇਕਰੀਆਂ ਨੇੜੇ ਹਵੇਲੀਆਣਾ ਮੋੜ ਤੋਂ ਨਿਕਲਦੇ ਹੀ ਇੱਕ ਮੋਟਰ ਸਾਈਕਲ ਨੇ ਉਸ ਨੂੰ ਓਵਰਟੇਕ ਕੀਤਾ ਅਤੇ ਰੁਕਦੇ ਸਾਰ ਉਸ ਨੂੰ ਚਲਦੀ ਸਕੂਟੀ ਤੋਂ ਧੱਕਾ ਦੇ ਕੇ ਡੇਗਣ ਦੇ ਬਾਅਦ ਗੋਲੀ ਮਾਰਨ ਦੀ ਧਮਕੀ ਦੇ ਕੇ ਕੈਸ਼ ਕੱਢਣ ਲਈ ਕਿਹਾ। ਜਗਦੀਪ ਦੇ ਅਨੁਸਾਰ ਉਸ ਨੇ ਲੁਟੇਰਿਆਂ ਦਾ ਮੁਕਾਬਲਾ ਕੀਤਾ ਤਾਂ ਉਹ ਉਸ ਦੇ ਸਿਰ ਉੱਤੇ ਪਿਸਤੌਲ ਦਾ ਬਟ ਮਾਰ ਕੇ ਸਾਰਾ ਕੈਸ਼ ਲੈ ਗਏ।

## ਜਸਪਾਲ ਕੇਸ ਦੀ ਜੁਡੀਸ਼ੀਅਲ ਜਾਂਚ ਲਈ ਸੁਣਵਾਈ ਚਾਰ ਜੁਲਾਈ ਤੱਕ ਮੁਲਤਵੀ

ਫਰੀਦਕੋਟ, 16 ਜੂਨ (ਪੋਸਟ ਬਿਊਰੋ)- ਫਰੀਦਕੋਟ ਦੇ ਸੀ ਆਈ ਏ ਸਟਾਫ ਵਿੱਚ 18 ਮਈ ਨੂੰ ਮਾਰੇ ਗਏ ਜਸਪਾਲ ਸਿੰਘ ਦੀ ਜੁਡੀਸ਼ੀਅਲ ਜਾਂਚ ਬਾਰੇ ਕੱਲ੍ਹ ਚੀਫ ਜੁਡੀਸ਼ੀਅਲ ਮੈਜਿਸਟਰੇਟ ਤੇਜ ਪ੍ਰਤਾਪ ਸਿੰਘ ਰੰਧਾਵਾ ਨੇ ਪੁਲਸ ਕੰਟਰੋਲ ਰੂਮ ਦੇ ਅਧਿਕਾਰੀ ਸੁਰਿੰ-ਦਰ ਸਿੰਘ ਦੇ ਬਿਆਨ ਦਰਜ ਕੀਤੇ। ਅਦਾਲਤ ਨੇ ਕੱਲ੍ਹ ਜਸਪਾਲ ਸਿੰਘ ਦੀ ਹਿਰਾਸਤ ਵਿੱਚ ਮੌਤ ਦੇ ਮਾਮਲੇ ਦੀ ਪੜਤਾਲ ਲਈ ਸੀ ਆਈ ਏ ਸਟਾਫ ਦੇ ਕੈਮਰਿਆਂ ਦੀ ਫੁਟੇਜ ਤੇ ਪੁਲਸ ਅਧਿਕਾਰੀਆਂ ਦੇ ਮੋਬਾਈਲ ਫੋਨਾਂ ਦੀ ਡਿਟੇਲ ਵੀ ਮੰਗੀ ਸੀ। ਇਸ ਕੇਸ ਵਿੱਚ ਅਦਾਲਤ ਕਰੀਬ ਇੱਕ ਦਰਜਨ ਗਵਾਹਾਂ ਦੇ ਬਿਆਨ ਲੈ ਚੁੱਕੀ ਹੈ ਅਤੇ ਕੱਲ੍ਹ ਦੇ ਬਿਆਨ ਲਿਖਣ ਤੋਂ ਬਾਅਦ ਇਸ ਦੀ ਸੁਣਵਾਈ ਚਾਰ ਜੁਲਾਈ ਤੱਕ ਮੁਲਤਵੀ ਕਰ ਦਿੱਤੀ ਹੈ। ਅਦਾਲਤ ਨੇ ਜ਼ਿਲ੍ਹਾ ਪੁਲਸ ਨੂੰ ਹੁਕਮ ਦਿੱਤੇ ਹਨ ਕਿ ਜਸਪਾਲ ਸਿੰਘ ਦੇ ਨਾਲ ਜੁੜੇ ਸਾਰੇ ਦਸਤਾਵੇਜ਼ ਚਾਰ ਜੁਲਾਈ ਨੂੰ ਅਦਾਲਤ ਸਾਹਮਣੇ ਪੇਸ਼ ਕੀਤੇ ਜਾਣ।

## ਪ੍ਰਵਾਸੀ ਮਜ਼ਦੂਰ ਨੇ ਕਹੀ ਨਾਲ ਵੱਢ ਕੇ ਕਿਸਾਨ ਦਾ ਕੀਤਾ ਕਤਲ

ਚੋਗਾਵਾਂ, 16 ਜੂਨ (ਪੋਸਟ ਬਿਊਰੋ)- ਜ਼ਿਲਾ ਅੰਮ੍ਰਿਤਸਰ ਦੇ ਥਾਣਾ ਲੋਪੋਕੇ ਦੇ ਪਿੰਡ ਚੇਲੇਕੇ ਦੀ ਬਾਹਰ ਬਹਿਕ ਉਪਰ ਕੱਲ੍ਹ ਸਵੇਰੇ ਇਕ ਪ੍ਰਵਾਸੀ ਮਜ਼ਦੂਰ ਨੇ ਇਕ ਕਿਸਾਨ ਦਾ ਕਹੀ ਨਾਲ ਧੌਣ ਵੱਢ ਕੇ ਕਤਲ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਦਲਜੀਤ ਸਿੰਘ ਪੁੱਤਰ ਦਿਆਲ ਸਿੰਘ (40) ਪਿੰਡ ਚੇਲੇਕੇ ਦੋ ਦਿਨ ਪਹਿਲਾਂ ਹੀ ਇਕ ਪ੍ਰਵਾਸੀ ਮਜ਼ਦੂਰ ਬੰਟੀ ਨੂੰ ਘਰੇਲੂ ਅਤੇ ਖੇਤੀਬਾੜੀ ਦੇ ਕੰਮ ਲਈ ਲਿਆਇਆ ਸੀ। ਕੱਲ੍ਹ ਸਵੇਰੇ ਜਦੋਂ ਉਹ ਉਸ ਨੂੰ ਕੰਮ ਕਰਨ ਲਈ ਕਹਿ ਕੇ ਵਾਪਸ ਘਰ ਜਾਣ ਲੱਗਾ ਤਾਂ ਬੰਟੀ ਨੇ ਬੰਬੀ ਵਾਲੇ ਕਮਰੇ ਵਿੱਚ ਪਈ ਕਹੀ ਨਾਲ ਪਿੱਛੋਂ ਉਸ ਦੇ ਸਿਰ ਉਪਰ ਵਾਰ ਕੀਤਾ। ਦਲਜੀਤ ਸਿੰਘ ਹੇਠਾਂ ਡਿੱਗ ਪਿਆ ਤਾਂ ਬੰਟੀ ਨੇ ਚਾਰ ਹੋਰ ਵਾਰ ਡਿੱਗੇ ਪਏ ਉਪਰ ਕੀਤੇ। ਬੁਰੀ ਤਰ੍ਹਾਂ ਜ਼ਖਮੀ ਹੋਏ ਦਲਜੀਤ ਸਿੰਘ ਨੂੰ ਘਰ ਵਾਲਿਆਂ ਨੇ ਅੰਮ੍ਰਿਤਸਰ ਹਸਪਤਾਲ ਲਿਆਂਦਾ ਤਾਂ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਪਿੰਡ ਵਾਲਿਆਂ ਨੇ ਬੰਟੀ ਨੂੰ ਮੌਕੇ 'ਤੇ ਫੜ ਕੇ ਪੁਲਸ ਹਵਾਲੇ ਕਰ ਦਿੱਤਾ।

# ਕਰੰਟ ਲੱਗ ਕੇ ਬਿਜਲੀ ਕਾਮੇ ਦੀ ਮੌਤ

ਭਦੌੜ, 16 ਜੂਨ (ਪੋਸਟ ਬਿਊਰੋ)- ਕਸਬਾ ਭਦੌੜ ਵਿਖੇ ਪਾਵਰਕਾਮ 'ਚ ਪ੍ਰਾਈਵੇਟ ਮੁਲਾਜ਼ਮ ਵਜੋਂ ਕੰਮ ਕਰਦੇ ਨੌਜਵਾਨ ਦੀ ਟਰਾਂਸਫਾਰਮਰ ਦੀ ਸਵਿੱਚ ਤੋਂ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਪੁੱਤਰ ਭਾਗ ਸਿੰਘ ਵਾਸੀ ਸ਼ਹਿਣਾ ਪਾਵਰਕਾਮ ਭਦੌੜ ਵਿਖੇ ਪ੍ਰਾਈਵੇਟ ਕਰਮਚਾਰੀ ਵਜੋਂ ਕੰਮ ਕਰਦਾ ਸੀ। ਜਦੋਂ ਉਹ ਆਪਣੇ ਸਾਥੀ ਜੇ ਈ ਰੁਲਦੂ ਸਿੰਘ ਨਾਲ ਵਿਧਾਤਾ ਸ਼ਹਿਰੀ ਫੀਡਰ 'ਤੇ ਪੁੱਜਾ ਤੇ ਟਰਾਂਸਫਾਰਮਰ ਦੀ ਸਵਿੱਚ ਕੱਟਣ ਲੱਗਾ ਤਾਂ ਉਸ ਵਿੱਚ ਕਰੰਟ ਹੋਣ ਕਾਰਨ ਲਪੇਟ 'ਚ ਆ ਗਿਆ ਤਾਂ ਉਸ ਦੀ ਮੌਤ ਹੋ ਗਈ। ਉਸ ਨੂੰ ਸਿਵਲ ਹਸਪਤਾਲ ਭਦੌੜ ਲਿਆਂਦਾ ਗਿਆ ਜਿੱਥੇ ਡਾਕਟਰ ਸਤਵੰਤ ਬਾਵਾ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਭਦੌੜ ਦੇ ਮੁੱਖ ਅਫਸਰ ਹਰਸਿਮਰਨਜੀਤ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਅਤੇ ਪਾਵਰਕਾਮ ਦੇ ਐੱਸ ਡੀ ਓ ਲਖਵੀਰ ਸਿੰਘ ਵੀ ਪਾਵਰਕਾਮ ਦੇ ਪੂਰੇ ਅਮਲੇ ਸਮੇਤ ਹਸਪਤਾਲ ਵਿਖੇ ਪਹੁੰਚੇ। ਮ੍ਰਿਤਕ ਦੇ ਭਰਾ ਤੇਜਾ ਸਿੰਘ ਤੇ ਕਿਸਾਨ ਯੂਨੀਅਨ ਦੇ ਆਗੂਆਂ ਨੇ ਦੋਸ਼ ਲਾਇਆ ਕਿ ਜਗਤਾਰ ਸਿੰਘ ਦੀ ਮੌਤ ਬਿਜਲੀ ਬੋਰਡ ਦੀ ਅਣਗਹਿਲੀ ਕਾਰਨ ਹੋਈ ਹੈ, ਕਿਉਂਕਿ ਪਰਮਿਟ ਲੈਣ ਦੇ ਬਾਵਜੂਦ ਬਿਜਲੀ ਲਾਈਟ ਬੰਦ ਨਹੀਂ ਕੀਤੀ ਗਈ।

ਇਸ ਬਾਰੇ ਪਾਵਰਕਾਮ ਦੇ ਐੱਸ ਡੀ ਓ ਲਖਵੀਰ ਸਿੰਘ ਦਾ ਕਹਿਣਾ ਹੈ ਕਿ ਖੇਤੀ ਸੈਕਟਰ 'ਚੋਂ ਬੈਕ ਕਰੰਟ ਆਉਣ ਕਾਰਨ ਟਰਾਂਸਫਾਰਮਰ ਦੀ ਸਵਿੱਚ ਸ਼ਾਟ ਹੋ ਗਿਆ, ਜਿਸ ਕਰ ਕੇ ਉਸ ਵਿੱਚ ਕਰੰਟ ਆ ਗਿਆ। ਉਨ੍ਹਾਂ ਕਿਹਾ ਕਿ ਗਰਿੱਡ ਤੋਂ ਸਵਿੱਚ ਕੱਟਣ ਜਾਂ ਨਾ ਕੱਟਣ ਬਾਰੇ ਉਥੋਂ ਦਾ ਜੇ ਈ ਦੱਸ ਸਕਦਾ ਹੈ। ਗਰਿੱਡ ਵਿਖੇ ਡਿਊਟੀ 'ਤੇ ਤੈਨਾਤ ਜੇ ਈ ਸੁੱਚਾ ਸਿੰਘ ਦਾ ਕਹਿਣਾ ਹੈ ਕਿ ਮੇਰੇ ਕੋਲ ਰਿਕਾਰਡ ਨੋਟ ਹੈ ਅਤੇ ਟਾਈਮ ਵੀ ਨੋਟ ਹੈ ਤੇ ਇਥੋਂ ਪਰਮਿਟ ਲਿਆ ਗਿਆ ਸੀ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)






Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand famiy values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਲੋਕ ਵਿਰਸਾ: ਪਾਣੀਆਂ ਨਾਲ ਸਬੰਧਤ ਕਥਾਵਾਂ

-ਸਤਿੰਦਰ ਔਲਖ



ਮਨੁੱਖ ਇਕ ਸੂਝਵਾਨ ਪ੍ਰਾਣੀ ਹੋਣ ਦੇ ਨਾਲ ਭਾਸ਼ਾ ਦੀ ਵਰਤੋਂ ਕਰਨ ਵਾਲਾ ਪ੍ਰਾਣੀ ਹੈ। ਲਿਖਤੀ ਭਾਸ਼ਾ ਹੋਂਦ ਵਿੱਚ ਆਉਣ ਤੋਂ ਪਹਿਲਾਂ ਮਨੁੱਖ ਆਪਣਾ ਗਿਆਨ ਜ਼ਬਾਨੀ ਤੌਰ 'ਤੇ ਕਾਵਿ ਜਾਂ ਕਥਾ ਰੂਪ ਵਿੱਚ ਆਉਂਦੀ ਪੀੜ੍ਹੀ ਦੇ ਸਪੁਰਦ ਕਰਦਾ ਸੀ। ਇਹ ਮਿਥਕ ਕਥਾਵਾਂ ਮਨੁੱਖੀ ਕਲਪਨਾ ਦਾ ਕਰਿਸ਼ਮਾ ਹਨ ਤੇ ਵਾਰ-ਵਾਰ ਦੁਹਰਾਏ ਜਾਣ ਨਾਲ ਹੀਰੇ ਦੀ ਤਰ੍ਹਾਂ ਤਰਾਸ਼ੀਆਂ ਗਈਆਂ ਹਨ। ਜਿਸ ਸੱਭਿਆਚਾਰ 'ਚੋਂ ਇਹ ਪੈਦਾ ਹੁੰਦੀਆਂ ਹਨ, ਉਥੇ ਇਹ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਕਹਾਣੀਆਂ ਮੰਨੀਆਂ ਜਾਂਦੀਆਂ ਹਨ।

ਮਨੁੱਖ ਦੀਆਂ ਉਹ ਕਹਾਣੀਆਂ ਬਹੁਤ ਪੁਰਾਣੀਆਂ ਹਨ, ਜਿਨ੍ਹਾਂ ਦਾ ਸਬੰਧ ਮਨੁੱਖ, ਜੀਵ ਜਗਤ, ਬ੍ਰਹਿਮੰਡ ਅਤੇ ਪ੍ਰਕਿਰਤੀ ਦੇ ਪੈਦਾ ਹੋਣ ਨਾਲ ਹੈ। ਕਿਉਂਕਿ ਮਨੁੱਖ ਇਕ ਚਿੰਤਨਸ਼ੀਲ ਜੀਵ ਹੈ, ਇਸ ਲਈ ਉਹ ਹਮੇਸ਼ਾ ਇਹ ਜਾਨਣ ਦਾ ਯਤਨ ਕਰਦਾ ਰਿਹਾ ਹੈ ਕਿ ਉਹ ਕਿੱਥੋਂ ਆਇਆ ਹੈ, ਬ੍ਰਹਿਮੰਡ ਕਦੋਂ ਤੇ ਕਿਵੇਂ ਹੋਂਦ ਵਿੱਚ ਆਇਆ, ਉਸ ਦਾ ਅਤੇ ਬਾਕੀ ਜੀਵ ਜਗਤ ਤੇ ਵਨਸਪਤੀ ਦਾ ਜਨਮ ਕਦੋਂ ਤੇ ਕਿਵੇਂ ਹੋਇਆ, ਕੀ ਪਹਿਲਾ ਜੀਵ ਇਕ ਤੋਂ ਜਾਂ ਦੋ ਤੱਤਾਂ ਤੋਂ ਹੋਂਦ ਗ੍ਰਹਿਣ ਕਰਕੇ ਪਾਣੀ ਜਾਂ ਧਰਤੀ 'ਤੇ ਪੈਦਾ ਹੋਇਆ। ਅੱਜ ਵਿਗਿਆਨ ਨੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਸੁਆਲਾਂ ਦੇ ਜਵਾਬ ਦੇ ਦਿੱਤੇ ਹਨ, ਪਰ ਮਨੁੱਖ ਦੇ ਮਨ ਵਿੱਚ ਇਹ ਜਿਗਿਆਸਾ ਉਦੋਂ ਵੀ ਸੀ, ਜਦੋਂ ਵਿਗਿਆਨ ਇਨ੍ਹਾਂ ਸਭ ਗੁੱਥੀਆਂ ਨੂੰ ਸੁਲਝਾਉਣ ਦੇ ਕਾਬਲ ਨਹੀਂ ਸੀ। ਉਸ ਵਕਤ ਵੱਖ-ਵੱਖ ਸੱਭਿਆਚਾਰਾਂ ਵਿੱਚ ਵੱਖ-ਵੱਖ ਮਿਥਕ ਕਥਾਵਾਂ ਹੋਂਦ ਵਿੱਚ ਆਈਆਂ ਇਨ੍ਹਾਂ ਪ੍ਰਸ਼ਨਾਂ ਦਾ ਹੱਲ ਸੁਝਾਉਣ ਦਾ ਕੰਮ ਕਰਦੀਆਂ ਸਨ।

ਭਾਰਤ ਭੂ-ਮੱਧ ਰੇਖਾ ਦੇ ਨੇੜੇ ਹੋਣ ਕਰਕੇ ਇਕ ਗਰਮ ਇਲਾਕੇ ਵਾਲਾ ਦੇਸ਼ ਹੈ। ਇਸ ਦੇ ਉਤਰ ਵਾਲੇ ਪਾਸੇ ਉਚੇ ਪਹਾੜ ਹਨ, ਜਿਥੇ ਬਰਫ ਪਈ ਰਹਿੰਦੀ ਹੈ। ਗਰਮੀ ਵਿੱਚ ਸਮੁੰਦਰ ਤੋਂ ਆਉਣ ਵਾਲੀਆਂ ਮੌਨਸੂਨ ਹਵਾਵਾਂ ਤੇਜ਼ ਮੀਂਹ ਲੈ ਕੇ ਆਉਂਦੀਆਂ ਹਨ, ਜਿਸ ਨਾਲ ਕਈ ਵਾਰ ਹੜ੍ਹ ਦੇ ਹਾਲਾਤ ਬਣ ਜਾਂਦੇ ਹਨ। ਭਾਰਤ ਦਾ ਬਹੁਤ ਸਾਰਾ ਹਿੱਸਾ ਤਿੰਨ ਪਾਸੇ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ। ਇਸ ਤਰ੍ਹਾਂ ਪਾਣੀ ਇਕ ਪਾਸੇ ਜੀਵਨ ਦਾ ਸ੍ਰੋਤ ਹੈ, ਉਥੇ ਇਸ ਦੀ ਬਹੁਤਾਤ ਹੜ੍ਹਾਂ ਤੇ ਮੌਤ ਦਾ ਸਬੱਬ ਬਣ ਜਾਂਦੀ ਹੈ। ਇਸ ਲਈ ਇਥੋਂ ਦੀਆਂ ਕਥਾਵਾਂ ਵਿੱਚ ਮੀਂਹ, ਹਨੇਰੀ, ਦਰਿਆ, ਸਮੁੰਦਰ, ਤੂਫਾਨ ਤੇ ਹੜ੍ਹਾਂ ਦਾ ਜ਼ਿਕਰ ਵਾਰ-ਵਾਰ ਹੁੰਦਾ ਹੈ। ਬ੍ਰਹਿਮੰਡ ਤੇ ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ਼, ਮਨੁੱਖੀ ਤੇ ਜੀਵ ਜਗਤ ਦੀ ਜ਼ਿੰਦਗੀ ਇਨ੍ਹਾਂ ਕਥਾਵਾਂ ਵਿੱਚ ਸਭ ਪਾਣੀਆਂ ਨਾਲ ਸਬੰਧਤ ਹੋ ਗਈ ਹੈ।

ਭਾਰਤੀ ਮਿਥਿਹਾਸ ਦੀਆਂ ਕਈ ਕਥਾਵਾਂ ਅਨੰਤ ਪਾਣੀਆਂ ਨਾਲ ਸਬੰਧਤ ਹਨ, ਜਿਵੇਂ ਸ੍ਰਿਸ਼ਟੀ ਦੇ ਸਿਰਜਕ ਬ੍ਰਹਮਾ ਦੀ ਮਿੱਥ, ਜੋ ਅਨੰਤ ਪਾਣੀਆਂ ਵਿੱਚ ਸ਼ੇਸ਼ਨਾਗ ਦੇ ਬਣੇ ਬਿਸਤਰ ਉੱਤੇ ਆਰਾਮ ਕਰਦੇ ਆਦਿ ਨਾਰਾਇਣ ਦੀ ਧੁਨੀ 'ਚੋਂ ਨਿਕਲੇ ਕਮਲ ਦੇ ਫੁੱਲ 'ਤੇ ਬੈਠੇ ਪੈਦਾ ਹੁੰਦੇ ਹਨ ਤੇ ਉਥੇ ਬੈਠੇ ਹੀ ਸ੍ਰਿਸ਼ਟੀ ਦੀ ਰਚਨਾ ਕਰਦੇ ਹਨ। ਸਮੁੰਦਰ ਮੰਥਨ ਰਾਹੀਂ ਪਾਣੀਆਂ ਵਿੱਚੋਂ ਵਿਸ਼ ਤੇ ਅੰਮ੍ਰਿਤ ਦੇ ਨਾਲ ਬਹੁਤ ਸਾਰੇ ਕੀਮਤੀ ਖਜ਼ਾਨੇ, ਹਾਥੀ, ਘੋੜੇ, ਮਣੀ, ਲਕਸ਼ਮੀ, ਔਸ਼ਧੀਆਂ ਪ੍ਰਾਪਤ ਹੋਣ ਦੀ ਮਿਥ, ਸਮੁੰਦਰ ਰਿੜਕਣ ਵਕਤ ਕਛੂ ਦੇ ਰੂਪ ਵਿੱਚ ਵਿਸ਼ਣੂ ਅਵਤਾਰ, ਧਰਤੀ ਨੂੰ ਪਾਣੀਆਂ ਵਿੱਚੋਂ ਬਾਹਰ ਲੈ ਕੇ ਆਉਣ ਦੇ ਹਨੇਰੇ ਦੇ ਦੈਂਤ ਨਾਲ ਲੜਨ ਵਾਲੇ ਵਾਰਾਹ ਅਵਤਾਰ ਦੀ ਮਿਥ, ਪਰਲੈ ਵਕਤ ਜ਼ਿੰਦਗੀ ਨੂੰ ਬਚਾਉਣ ਲਈ ਮੱਛੀ ਦੇ ਰੂਪ ਵਿੱਚ ਵਿਸ਼ਣੂ ਦੇ ਅਵਤਾਰ ਦੀ ਮਿਥ, ਮਾਰਕੰਡੇ ਰਿਸ਼ੀ ਵੱਲੋਂ ਪਰਲੈ ਦੇ ਅਨੰਤ ਪਾਣੀਆਂ ਵਿੱਚ ਗੋਤੇ ਖਾਂਦੇ ਪਾਣੀਆਂ ਵਿੱਚ ਇਕ ਰੁੱਖ ਤੇ ਉਸ ਦੀਆਂ ਟਾਹਣੀਆਂ ਵਿੱਚ ਨਵਜੰਮੇ ਬੱਚੇ ਨੂੰ ਦੇਖਣ ਦੀ ਮਿਥ, ਬਾਰਾਂ ਸਾਲ ਲਗਾਤਾਰ ਮੀਂਹ ਪੈਣ ਨਾਲ ਸ੍ਰਿਸ਼ਟੀ ਦੇ ਖਤਮ ਹੋਣ ਦੀ ਮਿਥ ਸਭ ਅਨੰਤ ਪਾਣੀਆਂ ਨਾਲ ਸਬੰਧਤ ਮਿਥ ਕਥਾਵਾਂ ਹਨ।

ਵਿਗਿਆਨ ਦੀ ਖੋਜ ਆਧਾਰਤ ਲੱਭਤ ਤੋਂ ਸਿੱਧ ਹੋ ਗਿਆ ਹੈ ਕਿ ਆਰੰਭਕ ਜ਼ਿੰਦਗੀ ਪਾਣੀ ਵਿੱਚ ਵਿਕਸਿਤ ਹੋਈ। ਇਸ ਤੋਂ ਪਹਿਲਾਂ ਵੀ ਮਨੁੱਖ ਨੂੰ ਲੱਗਦਾ ਸੀ ਕਿ ਸਾਰੀ ਜ਼ਿੰਦਗੀ ਸ਼ਾਇਦ ਪਾਣੀ ਕਰਕੇ ਹੀ ਵਿਕਸਿਤ ਹੋਈ ਹੈ। ਇਸ ਲਈ ਏਸ਼ੀਆ ਤੇ ਯੂਰਪ ਦੇ ਬਹੁਤ ਸਾਰੇ ਇਲਾਕਿਆਂ ਦੀਆਂ ਮਿਥ ਕਥਾਵਾਂ ਵਿੱਚ ਇਕ ਬਹੁਤ ਵੱਡੇ ਹੜ੍ਹ ਦਾ ਜ਼ਿਕਰ ਹੈ। ਬਾਬਾ ਨੂਹ ਦੀ ਮਿਥ ਕਥਾ ਅਨੁਸਾਰ ਉਹ ਹੜ੍ਹ ਦੇ ਸਮੇਂ ਇਕ ਬਹੁਤ ਵੱਡੀ ਕਿਸ਼ਤੀ ਬਣਾ ਕੇ, ਉਸ ਵਿੱਚ ਹਰ ਤਰ੍ਹਾਂ ਦੇ ਜੀਵਾਂ ਦਾ ਇਕ-ਇਕ ਜੋੜਾ ਬਚਾ ਕੇ ਕਿਸੇ ਸੁਰੱਖਿਅਤ ਥਾਂ 'ਤੇ ਲੈ ਜਾਂਦੇ ਹਨ ਤੇ ਹੜ੍ਹ ਦਾ ਪਾਣੀ ਉਤਰਨ 'ਤੇ ਉਨ੍ਹਾਂ ਤੋਂ ਫਿਰ ਮਨੁੱਖ ਤੇ ਜੀਵ ਜਗਤ ਤੇ ਪ੍ਰਕਿਰਤੀ ਦੀ ਉਤਪਤੀ ਹੁੰਦੀ ਹੈ। ਇਸੇ ਤਰ੍ਹਾਂ ਦਾ ਕੰਮ ਮਨੁ ਕਰਦਾ ਹੈ, ਜੋ ਹੜ੍ਹ ਵੇਲੇ ਕਿਸ਼ਤੀ ਵਿੱਚ ਇਕ-ਇਕ ਜੀਵ ਰੱਖ ਕੇ ਕਿਸ਼ਤੀ ਨੂੰ ਇਕ ਪਹਾੜ ਨਾਲ ਬੰਨ੍ਹ ਦਿੰਦਾ ਹੈ ਤੇ ਹੜ੍ਹ ਉਤਰਨ 'ਤੇ ਉਨ੍ਹਾਂ ਤੋਂ ਮੁੜ ਜ਼ਿੰਦਗੀ ਆਰੰਭ ਹੁੰਦੀ ਹੈ। ਮੱਛ ਅਵਤਾਰ ਵਿੱਚ ਪ੍ਰਜਾਪਤੀ ਜਾਂ ਵਿਸ਼ਣੂ ਮਨੁ ਦੀ ਸਹਾਇਤਾ ਕਰਦੇ ਹਨ। ਮਨੁੱਖ ਹਮੇਸ਼ਾ ਤੋਂ ਇਹ ਜਾਣਨਾ ਚਾਹੁੰਦਾ ਹੈ ਕਿ ਜ਼ਿੰਦਗੀ ਇਕ ਪਰਮ ਤੱਤ ਤੋਂ ਪੈਦਾ ਹੋਈ ਜਾਂ ਨਰ ਤੇ ਮਾਦਾ ਦੇ ਸਮੇਲ 'ਚੋਂ ਪੁੰਗਰੀ। ਬ੍ਰਹਮਾ ਦੀ ਮਿਥ ਵਿੱਚ ਇਸ ਸੁਆਲ ਦਾ ਵੀ ਉਤਰ ਹੈ। ਬ੍ਰਹਮਾ ਵੱਲੋਂ ਪੈਦਾ ਕੀਤੀ ਜ਼ਿੰਦਗੀ ਉਦੋਂ ਤੱਕ ਨਹੀਂ ਵੱਧਦੀ ਜਦੋਂ ਤੱਕ ਉਹ ਇਕੱਲੀ ਸ੍ਰਿਸ਼ਟੀ ਪੈਦਾ ਕਰਦੇ ਹਨ, ਜਦੋ ਉਹ ਇਕ ਮਰਦ ਮਨੁ ਅਤੇ ਇਕ ਔਰਤ ਸ਼ਤਰੂਪਾ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਆਪਸੀ ਸਹਿਯੋਗ ਰਾਹੀਂ ਸੰਤਾਨ ਪੈਦ ਕਰਨ ਦਾ ਹੁਕਮ ਦਿੰਦੇ ਹਨ, ਤਾਂ ਹੀ ਧਰਤੀ 'ਤੇ ਜੀਵਾਂ ਦੀ ਗਿਣਤੀ ਵੱਧਦੀ ਹੈ।

ਬ੍ਰਹਮਾ ਜਿਸ ਫੁੱਲ 'ਤੇ ਬੈਠੇ ਪੈਦਾ ਹੁੰਦੇ ਹਨ, ਉਹ ਫੁੱਲ ਧਰਤੀ ਅਤੇ ਉਹ ਆਪ ਸੂਰਜ ਦਾ ਪ੍ਰਤੀਕ ਹੈ। ਧਰਤੀ, ਸੂਰਜ, ਪਾਣੀ, ਹਵਾ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਅਹਿਮ ਜ਼ਰੂਰੀ ਤੱਤ ਹਨ, ਇਸ ਲਈ ਇਹ ਮਿਥ ਕਥਾਵਾਂ ਜ਼ਿੰਦਗੀ, ਬ੍ਰਹਿਮੰਡ ਅਤੇ ਸ੍ਰਿਸ਼ਟੀ ਦੇ ਆਰੰਭ ਨੂੰ ਕਾਵਿਕ ਬੋਲੀ ਵਿੱਚ ਪ੍ਰਗਟ ਕਰਦੀਆਂ ਹਨ। ਸਮੁੰਦਰ ਮੰਥਨ ਵਿੱਚੋਂ ਨਿਕਲੇ ਅੰਮ੍ਰਿਤ ਨਾਲ ਸਿਰਫ ਦੇਵਤਿਆਂ ਅਰਥਾਤ ਸੱਚਾਈ ਨੂੰ ਅਮਰ ਕੀਤਾ ਜਾਂਦਾ ਹੈ। ਅਸੁਰ, ਜੋ ਬੁਰਾਈ ਦੇ ਪ੍ਰਤੀਕ ਹਨ, ਅਮਰ ਨਹੀਂ ਹਨ, ਚਾਹੇ ਇਹ ਮਰ ਕੇ ਫਿਰ ਦੁਬਾਰਾ ਜਨਮ ਲੈ ਲੈਂਦੇ ਹਨ ਅਰਥਾਤ ਬੁਰਾਈ ਖਤਮ ਹੋ ਸਕਦੀ ਹੈ ਚਾਹੇ ਵਕਤੀ ਤੌਰ 'ਤੇ ਹੀ ਸਹੀ, ਪਰ ਸੱਚਾਈ ਸਦਾ ਰਹਿੰਦੀ ਹੈ। ਇਨ੍ਹਾਂ ਸਾਰੀਆਂ ਕਥਾਵਾਂ ਵਿੱਚ ਇਕ ਗੱਲ ਸਾਂਝੀ ਹੈ, ਉਹ ਹੈ ਅਥਾਹ ਪਾਣੀ। ਜਨਮ ਤੇ ਮ੍ਰਿਤੂ ਦਾ ਚੱਕਰ ਇਨ੍ਹਾਂ ਪਾਣੀਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਕਥਾਵਾਂ ਵਿੱਚ ਕਾਵਿ-ਮਈ ਕਲਪਨਾ ਰਾਹੀਂ ਸੰਸਾਰ ਦੀ ਉਤਪਤੀ ਤੇ ਵਿਨਾਸ਼ ਨੂੰ ਸਮਝਣ ਦੇ ਯਤਨ ਨਾਲ ਮਨੁੱਖੀ ਮਨ ਦੀਆਂ ਖਾਹਿਸ਼ਾਂ, ਡਾਰਾਂ ਅਤੇ ਉਮੀਦਾਂ ਨੂੰ ਉਜਾਗਰ ਕਰਨ ਦਾ ਕੰਮ ਵੀ ਕੀਤਾ ਗਿਆ ਹੈ। ਇਹ ਕਥਾਵਾਂ ਭਾਰਤੀ ਸੱਭਿਆਚਾਰ ਵਿੱਚੋਂ ਪੈਦਾ ਹੋਈਆਂ ਹਨ ਇਸ ਲਈ ਇਥੇ ਹੀ ਇਹ ਅਰਥਪੂਰਨ ਹਨ ਕਿਉਂਕਿ ਵੱਖ-ਵੱਖ ਸੱਭਿਆਚਾਰ ਇਨ੍ਹਾਂ ਮਸਲਿਆਂ ਨੂੰ ਵੱਖ-ਵੱਖ ਤਰੀਕੇ ਨਾਲ ਸਮਝਣ ਦਾ ਯਤਨ ਕਰਦੇ ਹਨ ਤੇ ਵੱਖਰੀਆਂ ਕਹਾਣੀਆਂ ਦੀ ਕਲਪਨਾ ਕਰਦੇ ਹਨ। ਇਹ ਕਥਾਵਾਂ ਵਿਗਿਆਨ ਦਾ ਬਦਲ ਨਹੀਂ ਕਿਉਂਕਿ ਵਿਗਿਆਨਕ ਲੱਭਤ ਦਾ ਸੱਚ ਸਾਰੇ ਸੰਸਾਰ ਦੇ ਮਨੁੱਖਾਂ ਲਈ ਇਕ ਹੀ ਹੁੰਦਾ ਹੈ। ਜੇ ਇਹ ਸੱਚ ਰੱਦ ਹੁੰਦਾ ਹੈ ਤਾਂ ਉਸ ਦੀ ਥਾਂ ਉਸ ਤੋਂ ਵੱਧ ਤਾਰਕਿਕ ਸੱਚ ਵਾਲਾ ਉਤਰ ਸਹੀ ਮੰਨਿਆ ਜਾਂਦਾ ਹੈ, ਪਰ ਮਿਥਕ ਕਥਾਵਾਂ ਅਨੰਤ ਹਨ ਤੇ ਇਹ ਇਕ ਮਸਲੇ ਨੂੰ ਵੱਖਰੇ-ਵੱਖਰੇ ਅੰਦਾਜ਼ ਵਿੱਚ ਸਮਝਣ ਦੇ ਯਤਨ 'ਚੋਂ ਪੈਦਾ ਹੋਈਆਂ ਹਨ।

# ਕਾਂਟੈਕਟ ਲੈਂਜ਼ ਵਾਲੀਆਂ ਅੱਖਾਂ ਲਈ ਕਿਸ ਤਰ੍ਹਾਂ ਦਾ ਹੋਵੇ ਮੇਕਅਪ

ਅੱਖਾਂ ਦੀ ਰੋਸ਼ਨੀ ਘੱਟ ਹੋਣ 'ਤੇ ਕੁਝ ਕੁੜੀਆਂ ਐਨਕਾਂ ਦੀ ਬਜਾਏ ਕਾਂਟੈਕਟ ਲੈਂਜ਼ ਪਹਿਨਣਾ ਵੱਧ ਪਸੰਦ ਕਰਦੀਆਂ ਹਨ। ਉਥੇ ਹੀ ਕੁਝ ਕੁੜੀਆਂ ਖੂਬਸੂਰਤੀ ਵਧਾਉਣ ਲਈ ਵੀ ਕਾਸਮੈਟਿਕ ਲੈਂਜ਼ ਦਾ ਕਾਫੀ ਪ੍ਰਯੋਗ ਕਰ ਰਹੀਆਂ ਹਨ, ਪਰ ਲੈਂਜ਼ ਨੂੰ ਪਾਏ ਹੋਣ ਮਗਰੋਂ ਉਹ ਮੇਕਅਪ ਕਰਨ ਤੋਂ ਡਰਦੀਆਂ ਹਨ ਕਿਉਂਕਿ ਇਸ ਨਾਲ ਇਨਫੈਕਸ਼ਨ ਦਾ ਖਤਰਾ ਰਹਿੰਦਾ ਹੈ। ਅਜਿਹੇ ਵਿੱਚ ਅੱਜ ਅਸੀਂ ਤੁਹਾਨੂੰ ਕੁਝ ਟਿਪਸ ਦੇਵਾਂਗੇ, ਜਿਨ੍ਹਾਂ ਦੀ ਮਦਦ ਨਲਾ ਤੁਸੀਂ ਲੈਂਜ਼ ਪਾਏ ਹੋਣ ਦੇ ਬਾਵਜੂਦ ਆਰਾਮ ਨਾਲ ਆਈ ਮੇਕਅਪ ਕਰ ਸਕਦੇ ਹੋ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

ਹੱਥਾਂ ਨੂੰ ਕਰੋ ਸਾਫ: ਮੇਕਅਪ ਕਰਨ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਕਰੋ ਅਤੇ ਫਿਰ ਸੁਕਾ ਲਓ। ਇਸ ਤਰ੍ਹਾਂ ਮੇਕਅਪ ਕਰਦੇ ਸਮੇਂ ਲੈਂਜ਼ 'ਤੇ ਦਾਗ ਨਹੀਂ ਪੈਣਗੇ ਅਤੇ ਇਨਫੈਕਸ਼ਨ ਦਾ ਖਤਰਾ ਵੀ ਨਹੀਂ ਰਹੇਗਾ।

ਅੱਖਾਂ ਦੇ ਅੰਦਰ ਨਾ ਕਰੋ ਮੇਕਅਪ: ਕੁਝ ਕੁੜੀਆਂ ਅੱਖਾਂ ਅੰਦਰ ਕੱਜਲ ਲਾ ਲੈਂਦੀਆਂ ਹਨ, ਪਰ ਜੇ ਤੁਸੀਂ ਲੈਂਜ਼ ਪਾਏ ਹੋਏ ਹਨ ਤਾਂ ਅਜਿਹਾ ਨਾ ਕਰੋ। ਇਸ ਨਾਲ ਅੱਖਾਂ ਵਿੱਚ ਜਲਨ ਹੋ ਸਕਦੀ ਹੈ।

ਤੇਲ ਮੁਕਤ ਉਤਪਾਦਾਂ ਦੀ ਵਰਤੋਂ: ਲੈਂਜ਼ ਨਾਲ ਮੇਕਅਪ ਕਰਨ ਲਈ ਤੇਲ ਮੁਕਤ ਉਤਪਾਦਾਂ ਦੀ ਵਰਤੋਂ ਕਰੋ। ਦਰਅਸਲ ਤੇਲ ਵਾਲੇ ਉਤਪਾਦ ਤੋਂ ਨਿਕਲਣ ਵਾਲਾ ਤੇਲ ਲੈਂਜ਼ ਸੋਖ ਲੈਂਦਾ ਹੈ। ਇਸ ਨਾਲ ਤੁਹਾਨੂੰ ਧੁੰਦਲਾ ਵਿਖਾਈ ਦੇਣ ਲੱਗਦਾ ਹੈ।



ਫਾਈਬਰ ਯੁਕਤ ਮਸਕਾਰਾ: ਆਈ ਮੇਕਅਪ ਲਈ ਫਾਈਬਰ ਯੁਕਤ ਮਸਕਾਰੇ ਦਾ ਇਸਤੇਮਾਲ ਨਾ ਕਰੋ। ਇਸ ਨਾਲ ਅੱਖਾਂ ਵਿੱਚ ਇਨਫੈਕਸ਼ਨ, ਜਲਨ ਅਤੇ ਖੁਰਕ ਹੋ ਸਕਦੀ ਹੈ। ਲੈਂਜ਼ ਨਾਲ ਮੇਕਅਪ ਕਰਨ ਲਈ ਮਸਕਾਰੇ ਦੀ ਵਰਤੋਂ ਸਾਵਧਾਨੀ ਨਾਲ ਕਰੋ।

ਨਕਲੀ ਪਲਕਾਂ: ਅੱਜਕੱਲ੍ਹ ਪਲਕਾਂ ਨੂੰ ਸੰਘਣੀਆਂ ਵਿਖਾਉਣ ਲਈ ਕੁੜੀਆਂ ਨਕਲੀ ਪਲਕਾਂ ਦੀ ਵਰਤੋਂ ਕਰਦੀਆਂ ਹਨ, ਪਰ ਲੈਂਜ਼ ਲਾਉਣ ਤੋਂ ਬਾਅਦ ਇਨ੍ਹਾਂ ਦਾ ਪ੍ਰਯੋਗ ਨੁਕਸਾਨ ਦੇਹ ਹੋ ਸਕਦਾ ਹੈ। ਏਨਾ ਹੀ ਨਹੀਂ ਨਕਲੀ ਪਲਕਾਂ ਨਾਲ ਅੱਖਾਂ ਉਤੇ ਕੱਟ ਵੀ ਲੱਗ ਸਕਦਾ ਹੈ। ਅਜਿਹੇ ਵਿੱਚ ਬਿਹਤਰ ਹੋਵੇਗਾ ਕਿ ਤੁਸੀਂ ਇਨ੍ਹਾਂ ਦਾ ਇਸਤੇਮਾਲ ਨਾ ਕਰੋ।

ਮੇਕਅਪ ਤੋਂ ਪਹਿਲਾਂ ਕਾਂਟੈਕਟ ਲੈਂਜ਼: ਅਕਸਰ ਕੁੜੀਆਂ ਮੇਕਅਪ ਕਰਨ ਤੋਂ ਬਾਅਦ ਲੈਂਜ਼ ਲਾਉਂਦੀਆਂ ਹਨ, ਪਰ ਅਜਿਹਾ ਕਰਨਾ ਗਲਤ ਹੈ। ਮੇਕਅਪ ਕਰਨ ਤੋਂ ਪਹਿਲਾਂ ਲੈਂਜ਼ ਲਾ ਲਓ। ਇਸ ਨਾਲ ਅੱਖਾਂ ਵਿੱਚ ਜਲਨ ਅਤੇ ਖੁਰਕ ਦੀ ਸਮੱਸਿਆ ਨਹੀਂ ਹੋਵੇਗੀ।

ਆਈਸ਼ੈਡੋ: ਜੇ ਤੁਸੀਂ ਕਾਸਮੈਟਿਕ ਲੈਂਜ਼ ਲਾਉਂਦੇ ਹੋ ਤਾਂ ਪਾਊਡਰ ਦੀ ਬਜਾਏ ਕਰੀਮ ਆਈਸ਼ੈਡੋ ਦਾ ਇਸਤੇਮਾਲ ਕਰੋ। ਇਹ ਨਾ ਸਿਰਫ ਜ਼ਿਆਦਾ ਦੇਰ ਤੱਕ ਅੱਖਾਂ ਉਤੇ ਟਿਕਿਆ ਰਹਿੰਦਾ ਹੈ ਸਗੋਂ ਇਸ ਨਾਲ ਕੋਈ ਨੁਕਸਾਨ ਵੀ ਨਹੀਂ ਹੁੰਦਾ।

ਆਈਲਾਈਨਰ ਲਾਉਂਦੇ ਸਮੇਂ ਅੱਖਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਉਹ ਤੁਹਾਡੀਆਂ ਅੱਖਾਂ ਅੰਦਰ ਚਲਿਆ ਜਾਂਦਾ ਹੈ। ਇਸ ਨਾਲ ਅੱਖਾਂ ਵਿੱਚ ਜਲਨ, ਖੁਜਲੀ ਅਤੇ ਪਾਣੀ ਆਉਣ ਲੱਗਦਾ ਹੈ ਅਤੇ ਇਸ ਦਾ ਅਸਰ ਲੈਂਜ਼ ਉੱਤੇ ਵੀ ਪੈਂਦਾ ਹੈ। ਅੱਖਾਂ ਦੀ ਵਾਟਰਲਾਈਨ ਉੱਤੇ ਹੀ ਲਾਈਨਰ ਧਿਆਨ ਨਾਲ ਲਾਓ। ਹਲਕੇ ਹੱਥਾਂ ਨਾਲ ਮੇਕਅਪ ਕਰੋ ਤਾਂ ਕਿ ਅੱਖਾਂ 'ਚੋਂ ਲੈਂਜ਼ ਨਿਕਲ ਨਾ ਜਾਵੇ। ਜੇ ਤੁਹਾਨੂੰ ਕਿਸੇ ਉਤਪਾਦ ਤੋਂ ਜਲਨ ਹੈ ਤਾਂ ਤੁਰੰਤ ਜਾ ਕੇ ਅੱਖਾਂ ਨੂੰ ਠੰਢੇ ਪਾਣੀ ਨਾਲ ਧੋ ਲਓ। ਨਹੀਂ ਤਾਂ ਇਸ ਨਾਲ ਇਨਫੈਕਸ਼ਨ ਹੋ ਸਕਦਾ ਹੈ। ਕਾਂਟੈਕਟ ਜਾਂ ਕਾਸਮੈਟਿਕ ਲੈਂਜ਼ ਲਈ ਸਪੈਸ਼ਲ ਮੇਕਅਪ ਪ੍ਰੋਡਕਟਸ ਬਣਾਏ ਜਾਂਦੇ ਹਨ ਇਸ ਲਈ ਤੁਸੀਂ ਉਨ੍ਹਾਂ ਦਾ ਇਸਤੇਮਾਲ ਕਰੋ।

# ਸੰਘਰਸ਼ ਦੀ ਦਾਸਤਾਨ

-ਸਰਬਜੀਤ ਸਿੰਘ ਹੇਰਾਂ-

ਨੌਕਰੀ ਪ੍ਰਾਪਤ ਕਰਨੀ ਕਿਸੇ ਵੇਲੇ ਵੀ ਤੇ ਕਿਸੇ ਲਈ ਵੀ ਖਾਲਾ ਜੀ ਦਾ ਵਾੜਾ ਨਹੀਂ ਰਿਹਾ। ਅੱਜ ਕੱਲ੍ਹ ਰੁਜ਼ਗਾਰ ਦਫਤਰਾਂ ਰਾਹੀਂ ਭਰਤੀ ਨਾ ਹੋਣ ਕਰਕੇ ਕੋਈ ਇਥੇ ਨਾਮ ਦਰਜ ਕਰਾਉਣਾ ਜ਼ਰੂਰੀ ਨਹੀਂ ਸਮਝਦਾ। ਸਾਲ 1980 ਦੇ ਨੇੜ ਤੇੜ ਦੇ ਸਮੇਂ ਆਪਣੇ ਨੇੜਲੇ ਰੁਜ਼ਗਾਰ ਦਫਤਰ 'ਚ ਨਾਮ ਦਰਜ ਕਰਵਾਉਣ ਦੇ ਨਾਲ ਹੋਰ ਦੋ ਜ਼ਿਲਿਆਂ ਵਿੱਚ ਵੀ ਨਾਮ ਭੇਜਿਆ ਜਾ ਸਕਦਾ ਸੀ। ਮੈਂ ਲੁਧਿਆਣੇ ਜ਼ਿਲੇ ਨਾਲ ਸਬੰਧਤ ਸੀ, ਪਰ ਮੇਰਾ ਨਾਮ ਫਿਰੋਜ਼ਪੁਰ ਦਰਜ ਹੋਣ ਕਰਕੇ ਮੈਨੂੰ ਸਰਵਿਸ ਇਸ ਜ਼ਿਲੇ ਵਿੱਚ ਮਿਲੀ, ਜੋ ਪੂਰੀ ਤਰ੍ਹਾਂ ਕੱਚੀ ਸੀ, ਕਿਉਂਕਿ ਮੇਰੇ ਆਰਡਰਾਂ ਵਿੱਚ ਲਿਖਿਆ ਸੀ ਕਿ ਕਰਮਚਾਰੀ ਨੂੰ ਬਿਨਾਂ ਕਾਰਨ ਦੱਸੇ ਕਿਸੇ ਵੀ ਸਮੇਂ ਫਾਰਗ ਕੀਤਾ ਜਾ ਸਕਦਾ ਸੀ।

ਸਮਾਂ ਉਹ ਸੀ ਜਦੋਂ ਪੰਜਾਬ ਉਪਰ ਖਾੜਕੂਵਾਦ ਦੇ ਬੱਦਲ ਸਨ। ਕਿਸੇ ਨਾਲ ਕੀ ਹੋਣਾ, ਸਿਰਫ ਪ੍ਰਮਾਤਮਾ ਨੂੰ ਪਤਾ ਸੀ। ਸੰਨ ਚੁਰਾਸੀ ਪਚਾਸੀ ਦੀ ਗੱਲ ਹੈ, ਜਦੋਂ ਅਪਰੇਸ਼ਨ ਬਲਿਊ ਸਟਾਰ ਅਜੇ ਹੋ ਕੇ ਹਟਿਆ ਸੀ। ਪੰਜਾਬ 'ਚ ਕਰਫਿਊ ਕਈ ਵਾਰ ਦਿਨੇ ਹਟਾ ਦਿੱਤਾ ਜਾਂਦਾ ਅਤੇ ਸ਼ਾਮ ਛੇ ਵਜੇ ਤੋਂ ਸਵੇਰ ਦੇ ਛੇ ਵਜੇ ਤੱਕ ਲਾ ਦਿੱਤਾ ਜਾਂਦਾ। ਮੈਨੂੰ ਨੌਕਰੀ ਕੱਚੀ ਹੋਣ ਕਰਕੇ ਆਰਡਰ ਰੀਨੀਊ ਕਰਾਉਣ ਲਈ 89 ਦਿਨਾਂ ਪਿੱਛੋਂ ਫਿਰੋਜ਼ਪੁਰ ਜਾਣਾ ਪੈਂਦਾ। ਦਿਨ ਵੇਲੇ ਬੱਸਾਂ ਸਕਿਉਰਟੀ ਨਾਲ ਚੱਲਦੀਆਂ, ਕਈ ਵਾਰ ਨਹੀਂ ਵੀ ਚੱਲਦੀਆਂ ਸਨ। ਇਨ੍ਹੀਂ ਦਿਨੀਂ ਮੈਂ ਭੰਗਾਲ ਸਕੂਲ 'ਚ ਜੁਆਇਨ ਕਰਕੇ ਮੁੜਿਆ ਸਾਂ ਕਿ ਤਿੰਨ ਕੁ ਦਿਨ ਬਾਅਦ ਮੇਰੀ ਰਿਲੀਵਿੰਗ ਰਿਪੋਰਟ ਡਾਕ 'ਚ ਘਰ ਆ ਗਈ, ਕਿਉਂਕਿ ਕੋਈ ਪਰਮਾਨੈਂਟ ਮੇਰੀ ਥਾਂ ਜੁਆਇਨ ਕਰ ਗਿਆ ਸੀ। ਜੂਨ ਦੀ ਤਪਦੀ ਦੁਪਹਿਰ ਮੈਂ ਫਿਰੋਜ਼ਪੁਰ ਵਾਲੀ ਬੱਸ ਫੜੀ ਤਾਂ ਕਿ ਨਵੇਂ ਸਟੇਸ਼ਨ ਦੇ ਹੁਕਮ ਪ੍ਰਾਪਤ ਕਰ ਸਕਾਂ। ਆਰਡਰ ਮਿਲ ਗਏ, ਪਰ ਜਾਣ ਦਾ ਸਮਾਂ ਨਹੀਂ ਸੀ, ਕਿਉਂਕਿ ਨਵਾਂ ਸਟੇਸ਼ਨ ਅਬੋਹਰ ਤੋਂ ਅੱਗੇ ਤੀਹ ਕਿਲੋਮੀਟਰ ਸੀ, ਜਿਥੇ ਕੋਈ ਸਿੱਧੀ ਬੱਸ ਨਹੀਂ ਜਾਂਦੀ ਸੀ। ਫਿਰੋਜ਼ਪੁਰ ਦੀ ਇਕ ਧਰਮਸ਼ਾਲਾ ਵਿੱਚ ਰੈਣ ਬਸੇਰਾ ਕੀਤਾ, ਜਿਥੋਂ ਪਤਾ ਲੱਗਿਆ ਕਿ ਅਬੋਹਰ ਲਈ ਬੱਸ ਸਵੇਰੇ ਸਾਢੇ ਛੇ ਵਜੇ ਸਕਿਉਰਿਟੀ ਨਾਲ ਚੱਲਣੀ ਹੈ। ਮੈਂ ਸਮੇਂ ਸਿਰ ਤਿਆਰ ਹੋ ਕੇ ਬੱਸ ਸਟੈਂਡ ਪਹੁੰਚਿਆ ਤੇ ਰੋਡਵੇਜ਼ ਦੀ ਬੱਸ ਪਹਿਲਾਂ ਹੀ ਤੂੜੀ ਵਾਂਗ ਤੁੰਨੀ ਪਈ ਸੀ। ਕਈ ਲੋਕ ਪਿਛਲੀਆਂ ਪਉੜੀਆਂ 'ਤੇ ਲਮਕ ਰਹੇ ਸਨ। ਮੈਂ ਚੜ੍ਹ ਨਾ ਸਕਿਆ ਤੇ ਬੱਸ ਚਲੀ ਗਈ। ਮੇਰੇ ਨਾਲ ਇਕ ਹੋਰ ਮੁਲਾਜ਼ਮ ਵੀ ਨਾ ਚੜ੍ਹ ਸਕਿਆ, ਜੋ ਸ਼ਾਇਦ ਨਹਿਰੀ ਮਹਿਕਮੇ ਦਾ ਸੀ। ਬੱਸ ਜਾਣ 'ਤੇ ਉਹ ਮੇਰੇ ਵੱਲ ਤੇ ਮੈਂ ਉਹਦੇ ਵੱਲ ਦੇਖਣ ਲੱਗੇ ਕਿ ਕੀ ਕੀਤਾ ਜਾਵੇ। ਜਾਣਾ ਵੀ ਜ਼ਰੂਰੀ ਸੀ, ਮੇਰੀ ਦਿਹਾੜੀ ਵੀ ਤਦੇ ਪੈਣੀ ਸੀ ਜੇ ਕਿਤੇ ਜਾ ਕੇ ਜੁਆਇਨ ਕਰਾਂ ਕਿਉਂਕਿ ਮੈਂ ਅਜੇ ਹਵਾ ਵਿੱਚ ਸਾਂ। ਉਸ ਦਾ ਵੀ ਪੁੱਜਣਾ ਜ਼ਰੂਰੀ ਜਾਪਦਾ ਸੀ। ਉਸ ਨੇ ਸਲਾਹ ਦਿੱਤੀ ਕਿ ਤੁਰ ਕੇ ਫਿਰੋਜ਼ਪੁਰ ਛਾਉਣੀ ਤੱਕ ਚੱਲੀਏ, ਉਥੋਂ ਸ਼ਾਇਦ ਕੁਝ ਮਿਲ ਜਾਵੇ। ਅਸੀਂ ਸ਼ਹਿਰ ਵਿੱਚੋਂ ਹੁੰਦੇ ਛਾਉਣੀ ਪਹੁੰਚ ਗਏ, ਜਿਥੇ ਪੁਲਸ ਤੇ ਫੌਜ ਦਾ ਸਾਂਝਾ ਨਾਕਾ ਲੱਗਿਆ ਸੀ। ਉਨ੍ਹਾਂ ਦੇ ਪੁੱਛਣ 'ਤੇ ਮੇਰੇ ਸਾਥੀ ਨੇ ਦੱਸਿਆ ਕਿ ਅਸੀਂ ਜਲਾਲਾਬਾਦ ਜਾਣਾ ਹੈ। ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸਾਨੂੰ ਕਿਸੇ ਵਹੀਕਲ 'ਤੇ ਚੜ੍ਹਾਉਣ ਵਿੱਚ ਮਦਦ ਕਰਨ। ਇਕ ਟਰੈਕਟਰ ਟਰਾਲੀ ਆਉਂਦੀ ਵੇਖ ਫੌਜ ਜਵਾਨ ਨੇ ਹੱਥ ਦੇ ਕੇ ਰੋਕ ਕੇ ਪੁੱਛਿਆ ਕਿ ਕਿੱਥੇ ਜਾਣਾ ਹੈ। ਉਸ ਦੱਸਿਆ ਕਿ ਉਹ ਖੇਤ ਤੂੜੀ ਲੈਣ ਚੱਲਿਆ ਹੈ। ਜਵਾਨ ਨੇ ਕਿਹਾ ਇਨ੍ਹਾਂ ਨੂੰ ਵੀ ਲੈ ਜਾ। ਦੋ ਕੁ ਕਿਲੋਮੀਟਰ ਜਾ ਕੇ ਉਹ ਖੇਤ ਵੱਲ ਨੂੰ ਮੁੜਨ ਲੱਗਾ ਤਾਂ ਅਸੀਂ ਉਥੇ ਉਤਰ ਗਏ। ਅੱਗੇ ਪੈਦਲ ਚੱਲਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਅਸੀਂ ਫਿਰੋਜ਼ਪੁਰ ਤੋਂ ਲੈ ਕੇ ਅਬੋਹਰ ਨੂੰ ਜਾਂਦੀ ਸੜਕ ਉਪਰ ਪੈਦਲ ਮਾਰਚ ਸ਼ੁਰੂ ਕਰ ਦਿੱਤਾ। ਜਿਵੇਂ-ਜਿਵੇਂ ਦਿਨ ਚੜ੍ਹਦਾ ਜਾਵੇ, ਜੂਨ ਦੀ ਧੁੱਪ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਬੱਸ ਕੋਈ ਆਉਣੀ ਨਹੀਂ ਸੀ, ਇਸ ਲਈ ਪਿੱਛੇ ਮੁੜ ਕੇ ਦੇਖਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਇਕ ਦੋ ਥਾਈਂ ਫੌਜ ਦੀਆਂ ਗੱਡੀਆਂ ਨੇ ਸਾਡੀ ਮਾੜੀ ਮੋਟੀ ਮਦਦ ਕੀਤੀ, ਜਿਸ ਨਾਲ ਸਾਨੂੰ ਕੁਝ ਅਰਾਮ ਮਿਲਦਾ, ਉਤਰ ਕੇ ਅਸੀਂ ਫਿਰ ਪੈਦਲ ਯਾਤਰਾ ਸ਼ੁਰੂ ਕਰ ਦਿੰਦੇ। ਪਾਣੀ ਦੀ ਕਮੀ ਸੜਕ ਦੇ ਨਾਲ ਜਾਂਦੀ ਸੂਏ ਨੁਮਾ ਨਹਿਰ ਪੂਰਾ ਕਰ ਰਹੀ ਸੀ। ਜਿਥੇ ਕਿਤੇ ਲੋੜ ਪੈਂਦੀ ਅਸੀਂ ਮੂੰਹ ਗਿੱਲਾ ਕਰ ਲੈਂਦੇ। ਵਾਹਿਗੁਰੂ ਨੇ ਤਾਕਤ ਬਖਸ਼ੀ, ਅਸੀਂ ਪੰਜਾਹ ਕਿਲੋਮੀਟਰ ਤੋਂ ਜ਼ਿਆਦਾ ਸਫਰ ਤੈਅ ਕਰ ਗਏ।

ਸ਼ਾਮ ਸੱਤ ਵੱਜ ਚੁੱਕੇ ਸਨ। ਜਲਾਲਾਬਾਦ ਵਿੱਚ ਰਾਤ ਦਾ ਕਰਫਿਊ ਲੱਗਾ ਸੀ। ਮੇਰੇ ਨਾਲ ਦੇ ਸਾਥੀ ਦਾ ਦਫਤਰ ਸ਼ਹਿਰ ਤੋਂ ਬਾਹਰ ਸੀ, ਉਹ ਨਾਕੇ ਤੋਂ ਪਹਿਲਾਂ ਮੈਨੂੰ ਅਲਵਿਦਾ ਕਹਿ ਗਿਆ। ਫੌਜ ਆਪਣੀ ਡਿਊਟੀ ਕਰ ਰਹੀ ਸੀ। ਨਾਕੇ 'ਤੇ ਜਵਾਨਾਂ ਨੇ ਪੁੱਛਿਆ; ਕਿੱਥੇ ਜਾਣਾ ਹੈ। ਮੈਂ ਕਿਹਾ; ਥਾਣੇ ਜਾਣਾ। ਉਹ ਹੱਸ ਪਏ। ਮੈਂ ਕਿਹਾ ਕਿ ਮੇਰਾ ਰਿਸ਼ਤੇਦਾਰ ਥਾਣੇਦਾਰ ਹੈ, ਉਸ ਕੋਲ ਜਾਣਾ ਹੈ। ਉਸ ਨੂੰ ਲੱਗਾ ਕਿ ਜਿਹੜਾ ਬੰਦਾ ਪਹਿਲਾਂ ਹੀ ਥਾਣੇ ਜਾਣ ਨੂੰ ਕਹਿੰਦਾ, ਉਸ ਨੂੰ ਫੜ ਕੇ ਭੇਜਣਾ ਕਿੱਥੇ ਹੈ। ਇਕ ਭੁੱਲੇ ਭਟਕੇ ਰਾਹੀ ਦੀ ਕਾਰ ਆਉਂਦੀ ਦੇਖ ਕੇ ਉਹ ਚੌਕਸ ਹੋ ਗਏ। ਉਨ੍ਹਾਂ ਰੋਕ ਕੇ ਕਿਹਾ ਕਿ ਉਹ ਸ਼ਹਿਰ 'ਚ ਦਾਖਲ ਨਹੀਂ ਹੋ ਸਕਦਾ ਤਾਂ ਮੈਂ ਕਿਹਾ, ਸਰ ਮੈਨੂੰ ਇਸ ਗੱਡੀ 'ਚ ਬੈਠਾ ਦਿਉ, ਇਹ ਮੈਨੂੰ ਥਾਣੇ ਅੱਗੇ ਲਾਹ ਦੇਵੇਗਾ, ਕੋਈ ਰਸਤੇ 'ਚ ਮਿਲੇਗਾ ਤਾਂ ਮੈਂ ਜੁਆਬ ਦੇ ਦੇਵਾਂਗਾ। ਉਹ ਮੰਨ ਗਏ ਤੇ ਸਾਨੂੰ ਜਾਣ ਦਿੱਤਾ। ਮੇਰੀ ਰਿਸ਼ਤੇਦਾਰੀ 'ਚੋਂ ਚਚੇਰਾ ਭਰਾ ਉਥੇ ਥਾਣੇਦਾਰ ਸੀ, ਮੈਨੂੰ ਦੇਖ ਕੇ ਹੈਰਾਨ ਰਹਿ ਗਿਆ। ਮਿੱਟੀ ਘੱਟੇ ਨਾਲ ਮੇਰਾ ਮੂੰਹ ਸਿਰ ਇਕ ਹੋਇਆ ਅਤੇ ਥਕੇਵੇਂ ਨਾਲ ਚੂਰ ਦੇਖ ਕੇ ਕਹਿਣ ਲੱਗਾ, ਮਾਸਟਰ ਤੂੰ ਕਿੱਧਰ ਰੁਲਿਆ ਫਿਰਦਾਂ। ਮੈਂ ਉਸ ਨੂੰ ਸਾਰੀ ਵਾਰਤਾ ਸੁਣਾਈ। ਉਸ ਨੇ ਆਪਣੇ ਗਾਰਡ ਨੂੰ ਕਿਹਾ ਕਿ ਉਹ ਨਹਾਉਣ ਅਤੇ ਖਾਣੇ ਦਾ ਪ੍ਰਬੰਧ ਕਰੇ। ਦਿਨ ਚੜ੍ਹੇ ਜਿਥੇ ਜੁਆਇਨ ਕਰਨਾ ਸੀ, ਉਹ ਸਫਰ ਪੁਲਸ ਵਾਲਿਆਂ ਕਰਾਇਆ। ਇਨ੍ਹਾਂ ਹਾਲਾਤ ਵਿੱਚੋਂ ਗੁਜ਼ਰਦਿਆਂ ਮੈਂ ਆਪਣੀ ਸਰਵਿਸ ਬਰਕਰਾਰ ਰੱਖੀ। ਸੇਵਾ ਦੌਰਾਨ ਅਨੇਕਾਂ ਕੌੜੇ ਮਿੱਠੇ ਤਜਰਬਿਆਂ ਦਾ ਸਾਹਮਣਾ ਕਰਦਿਆਂ ਹੁਣ ਸੇਵਾ ਮੁਕਤੀ ਦੀ ਜ਼ਿੰਦਗੀ ਸ਼ੁਰੂ ਕੀਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
◦ General Labour
◦ Machine Operators
◦ Millwright's
◦ Forklift Driver
◦ AZ-DZ Drivers
◦ Machine Mechanic
◦ Shift Supervisor
◦ Office Admin
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਆਪਣੇ ਫੈਸਲੇ ਖੁਦ ਲੈਂਦੀ ਹਾਂ : ਹੁਮਾ ਕੁਰੈਸ਼ੀ



ਹੁਮਾ ਕੁਰੈਸ਼ੀ ਪਹਿਲੀ ਵਾਰ ਅਨੁਰਾਗ ਕਸ਼ਯਪ ਦੀ ਫਿਲਮ 'ਗੈਂਗਸ ਆਫ ਵਾਸੇਪੁਰ ਪਾਰਟ-2' ਨਾਲ ਚਰਚਾ 'ਚ ਆਈ ਸੀ। ਇਸ ਤੋਂ ਬਾਅਦ ਹੁਮਾ ਨੇ 'ਏਕ ਥੀ ਡਾਇਨਾ', 'ਲਵ ਸ਼ਵ ਤੇ ਚਿਕਨ ਖੁਰਾਨਾ', 'ਬਦਲਾਪੁਰ' ਅਤੇ 'ਜੌਲੀ ਐੱਲ ਐੱਲ ਬੀ-2' ਵਰਗੀਆਂ ਕਈ ਹਿੱਟ ਫਿਲਮਾਂ ਦਿੱਤੀਆਂ। ਇਨ੍ਹੀਂ ਦਿਨੀਂ ਹੁਮਾ ਆਪਣੇ ਕਰੀਅਰ ਦੇ ਸਭ ਤੋਂ ਚੰਗੇ ਦੌਰ 'ਚੋਂ ਲੰਘ ਰਹੀ ਹੈ। ਪਿਛਲੇ ਦਿਨੀਂ ਉਸ ਨੇ ਅਕਸ਼ੈ ਕੁਮਾਰ ਨਾਲ 'ਜੌਲੀ ਐੱਲ ਐੱਲ ਬੀ-2' ਵਿੱਚ ਕੰਮ ਕੀਤਾ ਸੀ, ਜੋ ਜ਼ਬਰਦਸਤ ਹਿਟ ਰਹੀ। ਪੇਸ਼ ਹਨ, ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਫਿਲਹਾਲ ਕਿਹੜੇ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਹੋ?

– ਟੀ ਵੀ ਸੀਰੀਜ਼ 'ਲੀਲਾ' ਵਿੱਚ ਕੰਮ ਕਰ ਰਹੀ ਹਾਂ, ਪਰ ਨਾਲ ਮੈਨੂੰ ਇੱਕ ਕੌਮਾਂਤਰੀ ਪ੍ਰੋਜੈਕਟ ਵੀ ਮਿਲਿਆ ਹੈ। ਇਹ ਅਮਰੀਕੀ ਨਿਰਮਾਤਾ ਜੈਕ ਸਨਾਈਡਰ ਦੀ ਫਿਲਮ 'ਆਰਮੀ ਆਫ ਦਿ ਡੈਡ' ਹੈ, ਜਿਸ ਬਾਰੇ ਮੈਂ ਬਹੁਤ ਉਤਸ਼ਾਹਤ ਹਾਂ।

* ਕੀ ਤੁਸੀਂ ਵੀ ਮੰਨਦੇ ਹੋ ਕਿ ਬਾਲੀਵੁੱਡ 'ਚ ਪੱਖਪਾਤ ਹੁੰਦਾ ਹੈ ਅਤੇ ਇਥੇ ਭਾਈ-ਭਤੀਜਾਵਾਦ ਹਾਵੀ ਹੈ?

– ਹਾਂ, ਜੇ ਮੈਂ ਕਹਾਂ ਕਿ ਬਾਲੀਵੁੱਡ 'ਚ ਪੱਖਪਾਤ ਨਹੀਂ ਹੁੰਦਾ ਤਾਂ ਇਹ ਝੂਠ ਹੋਵੇਗਾ, ਪਰ ਉਸ ਤੋਂ ਵੱਡਾ ਸੱਚ ਇਹ ਹੈ ਕਿ ਫਿਲਮ ਨਗਰੀ ਦੇ ਲੋਕ ਬੜੇ ਮਿਹਨਤੀ ਹਨ। ਸੱਚ ਇਹ ਹੈ ਕਿ ਭਾਈ-ਭਤੀਜਾਵਾਦ ਚੱਲਦਾ ਹੈ। ਜੇ ਕੋਈ ਕਹੇ ਕਿ ਇਥੇ ਅਜਿਹਾ ਨਹੀਂ ਤਾਂ ਇਸ ਦਾ ਮਤਲਬ ਇਹ ਹੈ ਕਿ ਉਹ ਝੂਠ ਬੋਲ ਰਿਹਾ ਹੈ, ਪਰ ਫਿਲਮ ਨਗਰੀ ਦੇ ਲੋਕ ਬਹੁਤ ਮਿਹਨਤੀ ਹਨ ਅਤੇ ਆਪਣੇ ਕੰਮ ਲਈ ਜਨੂੰਨੀ ਹਨ ਅਤੇ ਤੁਹਾਨੂੰ ਉਸ ਦੇ ਕੰਮ ਦਾ ਕਰੈਡਿਟ ਸਖਤ ਮਿਹਨਤ ਤੇ ਸਮਰੱਥਾ ਨੂੰ ਦੇਣਾ ਹੋਵੇਗਾ। ਫਿਲਮ ਨਗਰੀ ਤੋਂ ਹੋਣਾ ਉਨ੍ਹਾਂ ਦੇ ਕੰਮ ਨੂੰ ਆਸਾਨ ਜ਼ਰੂਰ ਬਣਾ ਦਿੰਦਾ ਹੈ।

* ਪਹਿਲਾਂ ਫਿਲਮ ਲਾਈਨ 'ਚ ਤੁਹਾਡੇ ਆਉਣ ਦੇ ਫੈਸਲੇ ਨਾਲ ਤੁਹਾਡੇ ਪਾਪਾ ਖੁਸ਼ ਨਹੀਂ ਸਨ। ਅੱਜ ਕੀ ਹਾਲਾਤ ਹਨ?

– ਹਾਂ, ਪਹਿਲਾਂ ਮੇਰੇ ਪਾਪਾ ਨਹੀਂ ਚਾਹੁੰਦੇ ਸੀ ਕਿ ਮੈਂ ਫਿਲਮਾਂ ਵਿੱਚ ਜਾਵਾਂ, ਪਰ ਉਨ੍ਹਾਂ ਦੀ ਸੋਚ ਬਦਲ ਗਈ ਹੈ। ਅੱਜ ਉਹ ਮੰਨਦੇ ਹਨ ਕਿ ਬਾਲੀਵੁੱਡ ਬੇਹੱਦ ਪਾਪੂਲੈਰਿਟੀ ਦੇਣ ਵਾਲਾ ਚੰਗਾ ਫੀਲਡ ਹੈ। ਜਦੋਂ ਉਨ੍ਹਾਂ ਨੂੰ ਕੋਈ ਮੇਰੀ ਕਾਰਨ ਸਨਮਾਨ ਦਿੰਦਾ ਹੈ ਤਾਂ ਉਨ੍ਹਾਂ ਨੂੰ ਮੇਰੇ 'ਤੇ ਮਾਣ ਹੁੰਦਾ ਹੈ। ਅਸਲ ਵਿੱਚ ਉਹ ਇੱਕ ਟ੍ਰੈਡੀਸ਼ਨਲ ਫੈਮਿਲੀ ਤੋਂ ਹਨ, ਇਸ ਲਈ ਸਿਨੇਮਾ ਦੀ ਦੁਨੀਆ ਤੋਂ ਉਨ੍ਹਾਂ ਦੀ ਕਾਫੀ ਦੂਰੀ ਸੀ, ਪਰ ਪਾਪਾ ਮੇਰੇ ਫੈਸਲਿਆਂ ਤੋਂ ਖੁਸ਼ ਹਨ।

* ਅੱਜਕੱਲ੍ਹ ਤੁਸੀਂ ਚੰਗੀਆਂ ਫਿਲਮਾਂ ਕਰ ਰਹੇ ਹੋ। ਕੀ ਫਿਲਮ ਸਿਲੈਕਸ਼ਨ ਬਾਰੇ ਕਿਸੇ ਤੋਂ ਸਲਾਹ ਲੈਂਦੇ ਹੋ?

– ਨਹੀਂ, ਮੈਂ ਇਸ ਲਾਇਕ ਹੋ ਗਈ ਹਾਂ ਕਿ ਆਪਣੇ ਫੈਸਲੇ ਖੁਦ ਲੈ ਸਕਾਂ, ਪਰ ਇਹ ਜ਼ਰੂਰ ਦੱਸਣਾ ਚਾਹਾਂਗੀ ਕਿ ਜੇ ਕੋਈ ਪ੍ਰਾਬਲਮ ਹੁੰਦੀ ਹੈ ਤਾਂ ਮੈਂ ਅਨੁਰਾਗ ਕਸ਼ਯਪ ਤੋਂ ਸਲਾਹ ਲੈਂਦੀ ਹਾਂ। ਇਸ ਦੀ ਵਜ੍ਹਾ ਇਹ ਹੈ ਕਿ ਹਰ ਕਿਸੇ ਨੂੰ ਬਾਲੀਵੁੱਡ 'ਚ ਆਪਣੇ ਤੋਂ ਵੱਡੇ ਤਜਰਬੇਕਾਰ ਵਿਅਕਤੀ ਦੀ ਸਲਾਹ ਲੈਣੀ ਚਾਹੀਦੀ ਹੈ, ਬਸ਼ਰਤੇ ਤੁਹਾਡੇ ਵਿੱਚ ਕੰਫਰਟ ਲੈਵਲ ਹੋਵੇ। ਉਂਝ ਅੱਗੇ ਵਧਣ ਲਈ ਐਕਸਪੀਰੀਐਂਸ ਮਾਇਨੇ ਰੱਖਦਾ ਹੈ। ਕਿਸੇ ਦੀ ਰਾਏ ਇੱਕ ਸੀਮਾ ਤੱਕ ਹੀ ਕੰਮ ਆਉਂਦੀ ਹੈ।

* ਤੁਹਾਡੇ ਪ੍ਰੇਮ ਪ੍ਰਸੰਗ ਦੀਆਂ ਗੱਲਾਂ ਵੀ ਅਕਸਰ ਸੁਣਨ ਨੂੰ ਮਿਲਦੀਆਂ ਹਨ। ਕਿੰਨੀ ਸੱਚਾਈ ਹੈ।

– ਸ਼ੁਰੂ ਵਿੱਚ ਮੇਰਾ ਨਾਂਅ ਨਿਰਦੇਸ਼ਕ ਅਨੁਰਾਗ ਕਸ਼ਯਪ ਨਾਲ ਵੀ ਜੋੜਿਆ ਗਿਆ ਸੀ, ਜਿਨ੍ਹਾਂ ਦੀ ਫਿਲਮ 'ਗੈਂਗਸ ਆਫ ਵਾਸੇਪੁਰ' ਤੋਂ ਮੈਂ ਆਪਣਾ ਫਿਲਮੀ ਕਰੀਅਰ ਸ਼ੁਰੂ ਕੀਤਾ ਸੀ। ਸੱਚ ਇਹ ਹੈ ਕਿ ਮੈਂ ਆਪਣੇ ਪ੍ਰੇਮ ਪ੍ਰਸੰਗ ਦੀਆਂ ਅਫਵਾਹਾਂ ਬਾਰੇ ਸੋਚਦੀ ਤੱਕ ਨਹੀਂ। ਮੇਰਾ ਪਰਵਾਰ ਜਾਣਦਾ ਹੈ ਕਿ ਮੈਂ ਕਿਸ ਟਾਈਪ ਦੀ ਲੜਕੀ ਹਾਂ ਅਤੇ ਇਨ੍ਹਾਂ ਅਫਵਾਹਾਂ 'ਚ ਸੱਚ ਕੀ ਹੈ। ਮੈਂ ਇਨ੍ਹਾਂ ਖਬਰਾਂ ਤੋਂ ਖੁਦ ਨੂੰ ਪ੍ਰੇਸ਼ਾਨ ਨਹੀਂ ਹੋਣ ਦਿੰਦੀ। ਮੈਂ ਹਮੇਸ਼ਾ ਮੰਨਦੀ ਹਾਂ ਕਿ ਕਿਸੇ ਕਲਾਕਾਰ ਦੇ ਨਾਲ ਪ੍ਰੇਮ ਪ੍ਰਸੰਗਾਂ ਦੇ ਬਦਲੇ ਪ੍ਰਸ਼ੰਸਕਾਂ ਨਾਲ ਤੁਹਾਡਾ ਰਿਸ਼ਤਾ ਸਭ ਤੋਂ ਮਹੱਤਵ ਪੂਰਨ ਹੁੰਦਾ ਹੈ, ਪਰ ਜਦੋਂ ਮੇਰੇ ਸਾਹਮਣੇ ਅਜਿਹਾ ਕੁਝ ਆਉਂਦਾ ਹੈ, ਜੋ ਘਟੀਆ ਹੁੰਦਾ ਹੈ ਤਾਂ ਮੈਂ ਸਿੱਧੇ ਸੋਸ਼ਲ ਮੀਡੀਆ 'ਤੇ ਜਾ ਕੇ ਉਸ 'ਤੇ ਪ੍ਰਤੀਕਿਰਿਆ ਦਿੰਦੀ ਹਾਂ।

* ਇੰਨੇ ਦਿਨਾਂ ਤੋਂ ਫਿਲਮ ਨਗਰੀ ਵਿੱਚ ਸਰਗਰਮ ਹੋਣ ਪਿੱਛੋਂ ਇਥੇ ਆਪਣੇ ਲਈ ਕੀ ਰਾਹ ਅਪਣਾਉਣਾ ਪਸੰਦ ਹੈ?

–ਸੱਚ ਕਹਾਂ ਤਾਂ ਇੰਨੇ ਦਿਨਾਂ ਤੋਂ ਇਥੇ ਕੰਮ ਕਰਨ ਦੇ ਬਾਵਜੂਦ ਅੱਜ ਤੱਕ ਮੈਂ ਬਾਲੀਵੁੱਡ ਨੂੰ ਸਹੀ ਤਰ੍ਹਾਂ ਜਾਣ ਨਹੀਂ ਸਕੀ ਤੇ ਮੈਨੂੰ ਲੱਗਦਾ ਹੈ ਕਿ ਇਸ ਨੂੰ ਜਾਣਨ ਦਾ ਬਹੁਤਾ ਲਾਭ ਵੀ ਨਹੀਂ। ਦਰਅਸਲ ਕਈ ਵਾਰ ਮੈਂ ਇਹ ਨਹੀਂ ਜਾਣਦੀ ਹੁੰਦੀ ਕਿ ਆਪਣੇ ਕਰੀਅਰ ਨੂੰ ਕਿਸ ਦਿਸ਼ਾ ਵਿੱਚ ਲੈ ਜਾਵਾਂ, ਅਨੁਭਵੀ ਵਿਅਕਤੀ ਦੀ ਲੋੜ ਪੈਂਦੀ ਹੈ, ਜੋ ਤੁਹਾਡੀ ਯੋਜਨਾ ਵਿੱਚ ਮਦਦ ਕਰ ਸਕਦੇ ਹਨ। ਫਿਲਮ ਇੰਡਸਟਰੀ ਦੇ ਲੋਕਾਂ ਨੂੰ ਇਹੀ ਲਾਭ ਮਿਲਦਾ ਹੈ।

## ਕ੍ਰਿਤੀ ਨੂੰ ਪਸੰਦ ਹੈ ਹਸਾਉਣਾ



ਭਾਵੇਂ ਇਹ ਫਿਲਮ 'ਬਰੇਲੀ ਕੀ ਬਰਫੀ' ਵਿੱਚ ਬਿੱਟੀ ਦਾ ਰੋਲ ਹੋਵੇ ਜਾਂ 'ਲੁਕਾ ਛੁਪੀ' ਵਿੱਚ ਰਸ਼ਮੀ ਦਾ, ਕ੍ਰਿਤੀ ਸਨਨ ਨੇ ਫਿਲਮਾਂ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਕਾਮੇਡੀ ਭੂਮਿਕਾਵਾਂ ਚੰਗੀ ਤਰ੍ਹਾਂ ਨਿਭਾਅ ਕੇ ਫਿਲਮ ਨਗਰੀ ਵਿੱਚ ਕਾਮੇਡੀ ਐਕਟਰ ਵਜੋਂ ਵੀ ਆਪਣੀ ਵੱਖਰੀ ਜਗ੍ਹਾ ਬਣਾਈ ਹੈ। ਲੱਗਦਾ ਹੈ ਕਿ ਕਾਮੇਡੀ ਭੂਮਿਕਾਵਾਂ ਤੋਂ ਉਸ ਦਾ ਦਿਲ ਨਹੀਂ ਭਰਿਆ ਕਿਉਂਕਿ ਉਸ ਦੀਆਂ ਆਉਣ ਵਾਲੀਆਂ ਫਿਲਮਾਂ ਵਿੱਚ ਵੀ ਕੁਝ ਜ਼ਬਰਦਸਤ ਕਾਮੇਡੀ ਫਿਲਮਾਂ ਸ਼ਾਮਲ ਹਨ, ਜਿਵੇਂ ਕਿ 'ਹਾਊਸਫੁੱਲ 4' ਅਤੇ 'ਅਰਜੁਨ ਪਟਿਆਲਾ'। ਪਿੱਛੇ ਜਿਹੇ ਇਸ ਬਾਰੇ ਪੁੱਛਣ 'ਤੇ ਉਸ ਦਾ ਉੱਤਰ ਸੀ, "ਮੈਨੂੰ ਕਾਮੇਡੀ ਕਰਨਾ ਪਸੰਦ ਹੈ, ਖਾਸ ਕਰ ਕੇ ਜਦੋਂ ਇਹ ਇੱਕ ਚੰਗੀ ਕਹਾਣੀ ਨਾਲ ਜੁੜੀ ਹੋਵੇ।"

ਆਪਣੀ ਗੱਲ ਸਮਝਾਉਂਦੇ ਹੋਏ ਉਸ ਨੇ ਕਿਹਾ, "ਕਦੇ ਕਦੇ ਹਾਸਾ ਅਤੇ ਕਾਮੇਡੀ ਸੰਵਾਦਾਂ ਵਿੱਚ ਨਹੀਂ ਹੁੰਦੀ, ਸਗੋਂ ਉਸ 'ਤੇ ਕੀਤੀ ਜਾਣ ਵਾਲੀ ਪ੍ਰਤੀਕਿਰਿਆ ਵਿੱਚ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਮੇਰੇ 'ਚ ਏਦਾਂ ਦੇ ਰੋਲ ਕਰਨ ਦੀ ਇੱਕ ਖਾਸ ਕਾਬਲੀਅਤ ਹੈ, ਜੋ ਆਮ ਤੌਰ 'ਤੇ ਮੇਰੇ 'ਚ ਨਜ਼ਰ ਨਹੀਂ ਆਉਂਦੀ, ਪਰ ਜਦੋਂ ਕੈਮਰੇ ਦੇ ਸਾਹਮਣੇ ਕਾਮੇਡੀ ਕਰਨੀ ਪਵੇ ਤਾਂ ਇਹ ਪੂਰੀ ਤਾਕਤ ਨਾਲ ਕੰਮ ਕਰਦੀ ਹੈ। ਆਉਣ ਵਾਲੇ ਸਮੇਂ ਵਿੱਚ ਤੁਸੀਂ ਮੈਨੂੰ ਕਈ ਕਾਮੇਡੀ ਰੋਲ ਦੇਖੋਗੇ।"

## ਜਾਹਨਵੀ ਅਤੇ ਸਾਰਾ ਦੇ ਚੱਕਰ ਵਿੱਚ ਲੱਥੀ ਈਸ਼ਾਨ ਦੀ ਸ਼ਰਟ



ਸ਼ਾਹਿਦ ਕਪੂਰ ਦਾ ਭਰਾ ਈਸ਼ਾਨ ਖੱਟੜ ਜਦੋਂ ਨੇਹਾ ਧੂਪੀਆ ਦੇ ਚੈਟ ਸ਼ੋਅ ਵਿੱਚ ਪਹੁੰਚਿਆ ਤਾਂ ਉਸ ਨੂੰ ਕਈ ਮਜ਼ੇਦਾਰ ਸਵਾਲ ਕੀਤੇ ਗਏ। ਪਤਾ ਲੱਗਾ ਕਿ ਇਸੇ ਸ਼ੋਅ ਦੇ ਇੱਕ ਹਿੱਸੇ ਵਿੱਚ ਉਸ ਨੇ ਜਵਾਬ ਦੇਣ ਦੀ ਬਜਾਏ ਆਪਣੀ ਸ਼ਰਟ ਉਤਾਰਨਾ ਬਿਹਤਰ ਸਮਝਿਆ। ਇੱਕ ਸਵਾਲ ਜਵਾਬ ਰਾਊਂਡ ਵਿੱਚ ਪੁੱਛੇ ਸਵਾਲ ਦੇ ਜਵਾਬ ਨਾ ਦੇਣ 'ਤੇ ਸਾਰਿਆਂ ਦੇ ਸਾਹਮਣੇ ਆਪਣੀ ਸ਼ਰਟ ਉਤਾਰਨ ਦੀ ਸ਼ਰਤ ਹੁੰਦੀ ਹੈ। ਇਸੇ ਰਾਊਂਡ ਵਿੱਚ ਜਦੋਂ ਪੁੱਛਿਆ ਗਿਆ ਕਿ ਐਕਟਿੰਗ ਦੇ ਆਧਾਰ 'ਤੇ ਜਾਹਨਵੀ ਕਪੂਰ, ਸਾਰਾ ਅਲੀ ਖਾਨ, ਅਨੰਨਿਆ ਪਾਂਡੇ ਅਤੇ ਤਾਰਾ ਸੁਤਾਰੀਆ 'ਚੋਂ ਕਿਸ ਨੂੰ ਚੁਣੇਗਾ ਤਾਂ ਉਹ ਇੱਕ ਤਰ੍ਹਾਂ ਨਾਲ ਸੰਕਟ ਵਿੱਚ ਫਸ ਗਿਆ। ਉਸ ਨੇ ਤਾਰਾ ਅਤੇ ਅਨੰਨਿਆ ਦਾ ਨਾਂਅ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਉਸ ਨੇ ਅਜੇ ਉਨ੍ਹਾਂ ਦੋਵਾਂ ਦੀ ਡੈਬਿਊ ਫਿਲਮ 'ਸਟੂਡੈਂਟ ਆਫ ਦਿ ਈਅਰ 2' ਨਹੀਂ ਦੇਖੀ ਸਗੋਂ ਜਾਹਨਵੀ ਅਤੇ ਸਾਰਾ ਦੇ ਨਾਂਅ 'ਤੇ ਉਹ ਅਸਲ ਵਿੱਚ ਫਸ ਗਿਆ। ਜ਼ਾਹਿਰ ਹੈ ਕਿ ਉਹ ਉਨ੍ਹਾਂ ਦੋਵਾਂ 'ਚੋਂ ਕਿਸੇ ਨੂੰ ਵੀ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ, ਕਿਉਂਕਿ ਜਾਹਨਵੀ ਦੇ ਨਾਲ ਉਸ ਦੀ ਚੰਗੀ ਦੋਸਤੀ ਹੈ, ਸਾਰਾ ਨਾਲ ਵੀ ਭਵਿੱਖ ਵਿੱਚ ਉਸ ਨੂੰ ਕੰਮ ਕਰਨਾ ਪੈ ਸਕਦਾ ਹੈ। ਅਜਿਹੇ ਵਿੱਚ ਜਵਾਬ ਦੇਣ ਦੀ ਬਜਾਏ ਸਜ਼ਾ ਦੇ ਤੌਰ 'ਤੇ ਉਸ ਨੇ ਆਪਣੀ ਸ਼ਰਟ ਉਤਾਰਨ 'ਚ ਹੀ ਭਲਾਈ ਸਮਝੀ।






## 'ਜਯੇਸ਼ਭਾਈ ਜੋਰਦਾਰ' ਵਿੱਚ ਹੋਵੇਗੀ ਸਾਰਾ ਜਾਂ ਅਨੰਨਿਆ ਦੀ ਐਂਟਰੀ





ਰਣਵੀਰ ਸਿੰਘ ਨੇ ਹਾਲ ਹੀ ਵਿੱਚ ਯਸ਼ਰਾਜ ਦੀ ਫਿਲਮ 'ਜਯੇਸ਼ਭਾਈ ਜੋਰਦਾਰ' ਸਾਈਨ ਕੀਤੀ ਹੈ। ਇਸ ਫਿਲਮ ਨੂੰ ਡੈਬਿਊਟੇਂਟ ਡਾਇਰੈਕਟਰ ਦਿਵਿਆਂਗ ਠੱਕਰ ਡਾਇਰੈਕਟ ਕਰਨਗੇ। ਫਿਲਮ ਬਾਰੇ ਤਾਜ਼ਾ ਖਬਰ ਇਹ ਹੈ ਕਿ ਮੇਕਰਸ ਇਸ ਵਿੱਚ ਸਾਰਾ ਅਲੀ ਖਾਨ ਜਾਂ ਅਨੰਨਿਆ ਪਾਂਡੇ ਨੂੰ ਲੈਣ ਦੀ ਸੋਚ ਰਹੇ ਹਨ। ਸੂਤਰ ਦੱਸਦੇ ਹਨ ਕਿ ਫਿਲਮ ਦੀ ਕਹਾਣੀ 'ਤੇ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਤਿਆਰੀ ਸ਼ੁਰੂ ਹੋ ਚੁੱਕੀ ਹੈ। ਮੇਕਰਸ ਇਸ ਦੇ ਲਈ ਸਾਰਾ ਅਤੇ ਅਨੰਨਿਆ ਦੇ ਨਾਂਅ 'ਤੇ ਵਿਚਾਰ ਕਰ ਰਹੇ ਹਨ। ਇਸ ਵਿੱਚ ਫੀਮੇਲ ਲੀਡ ਦਾ ਵੱਡਾ ਰੋਲ ਹੈ ਇਸ ਲਈ ਮੇਕਰਸ ਇਨ੍ਹਾਂ ਦੋਵਾਂ ਨੂੰ ਕਾਸਟ ਕਰਨ ਦਾ ਮਨਾ ਬਣਾ ਰਹੇ ਹਨ। ਮੇਕਰਸ ਇਸ ਬਾਰੇ ਵਿੱਚ ਜਲਦ ਹੀ ਅਨਾਊਂਸਮੈਂਟ ਕਰਨਗੇ।




www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Top 1% Ranked in Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 2012,2011,2010) **(2009,2008) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਕਵੀਨ-ਮੈਰੀ/ਸੈਂਡਲਵੁਡ
ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁਲ੍ਹੇ-ਡੁਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON
ਵੈਨ ਕੂਕ/ਵੇਨਲੈਸ
ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ, 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੇਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

CALEDON
ਸੈਂਟ ਏਡਰੀਊ/ ਹਾਈਵੇ 24
ਕੇਲਡਨ ਵਿੱਚ ਲਗਭਗ 2.52 ਏਕੜ ਵਿੱਚ ਬਹੁਤ ਹੀ ਸੋਹਣਾ 4+2 ਬੈਡਰੂਮ + 5 ਵਾਸ਼ਰੂਮ+3 ਕਾਰ ਗਰਾਜ + 14 ਕਾਰ ਪਾਰਕਿੰਗ ਦੇ ਨਾਲ ਹੀ ਬਹੁਤ ਹੀ ਸੋਹਣੀ ਲੈਂਡਸਕੇਪਿੰਗ ਕੀਤੀ ਹੈ। ਫਿਨੀਸ਼ਡ ਬੇਸਮੈਂਟ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। 24x36 L shaped ਦਾ ਹੀਟਿਡ ਪੂਲ।

BRAMPTON
ਵੇਨਲੈਸ/ਵੈਨ ਕੂਕ
ਬਹੁਤ ਹੀ ਵਧੀਆ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ 50 ਫੁੱਟ Premium Corner Lot, ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਓਕ ਸਟੇਅਰਜ਼, ਹਾਡਵੁਡ ਤੇ ਲੈਮੀਨੇਟ, ਕੈਲੀਫੋਰਨੀਆ ਸ਼ਟਰਜ਼, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

BRAMPTON
ਏਅਰਪੋਰਟ ਰੋਡ/ਸੈਂਡਲਵੁਡ
ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, Unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੁਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਊਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਫੇਰ ਸਾਰੀ ਬਚਤ ਪਾਓ!
WINTER & SPRING SPECIAL SALE
- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit: https://thwindowsdoors.com/testimonials/
Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

Grand Upholstery Ltd
Sofa Company Originality in Every Piece
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WestJet vacations, transat, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ
ਕਲੀਨਿਕ ਵਿੱਚ ਫਾਰਮਿਸਟ ਉਪਲਬਧ
- ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
- ਲੈਬ ਸੇਵਾਵਾਂ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ

New patients welcome / 7 ਦਿਨ ਖੁੱਲ੍ਹਾ
ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ Punjabi/Urdu/Hindi
ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ
Tel: 905-846-4952

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677